Friday, April 03, 2026

# ਪੰਜਾਬੀ ਜਰਨਲ

# PUNJABI JOURNAL

ਚੇਤ 20, ਨਾਨਕਸ਼ਾਹੀ ਸੰਮਤ: 557 | Volume: 20, Issue: 14 | Ph: 604-312-5678
www.punjabijournal.ca, Email: punjabijournal@gmail.com

WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC 0G1

wcc.ca | Tel : 604.594.3500

## ਕੈਨੇਡਾ ਵਿਚ ਸਿੱਖ ਵਿਰਾਸਤੀ ਸਮਾਗਮਾਂ ਦੀ ਸ਼ੁਰੂਆਤ

## ਵੈਨਕੂਵਰ ਵਿਚ 11 ਅਤੇ ਸਰੀ ਵਿਚ 18 ਅਪ੍ਰੈਲ ਨੂੰ ਸਜਾਏ ਜਾਣਗੇ ਨਗਰ ਕੀਰਤਨ

**ਟੋਰਾਂਟੋ** : ਕੈਨੇਡਾ ਵਿਚ ਸਿੱਖ ਵਿਰਾਸਤੀ ਮਹੀਨਾ ਮਨਾਉਂਦਿਆਂ ਵੱਖ-ਵੱਖ ਸ਼ਹਿਰਾਂ ਵਿਚ ਸਮਾਗਮ ਕਰਵਾਏ ਗਏ ਅਤੇ ਸਿਆਸੀ ਆਗੂਆਂ ਸਣੇ ਪੁਲਿਸ ਮਹਿਕਮਿਆਂ ਨੇ ਸਿੱਖ ਭਾਈਚਾਰੇ ਨੂੰ ਵਧਾਈ ਸੁਨੇਹੇ ਭੇਜੇ। ਉਨਟਾਰੀਓ ਦੇ ਓਕਵਿਲ ਸ਼ਹਿਰ ਵਿਚ ਟਾਊਨ ਹਾਲ ਦੇ ਬਾਹਰ ਖ਼ਾਲਸਾਈ ਝੰਡਾ ਝੁਲਾਉਣ ਦੀ ਰਸਮ ਦੌਰਾਨ ਐਕਟਿੰਗ ਮੇਅਰ ਨਵ ਨੰਦਾ, ਐਮ.ਪੀ. ਸੀਮਾ ਐਕਨ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਰਹੀਆਂ। ਦੂਜੇ ਪਾਸੇ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿਚ ਕੰਜ਼ਰਵੇਟਿਵ ਪਾਰਟੀ ਦੇ ਵਿਧਾਇਕ ਮਨਦੀਪ ਧਾਲੀਵਾਲ ਨੇ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ 1699 ਦੀ ਵਿਸਾਖੀ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਾਜਨਾ ਸਾਨੂੰ ਸਭਨਾਂ ਨੂੰ ਇਨਸਾਫ਼ ਲਈ ਡਟਣ ਅਤੇ ਸੇਵਾ ਲਈ ਤਤਪਰ ਰਹਿਣ ਦਾ ਸੱਦਾ ਦਿੰਦਾ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਇਨ੍ਹਾਂ ਸਿਧਾਂਤਾਂ ਦਾ ਸਿਰਫ਼ ਜ਼ਿਕਰ ਨਹੀਂ ਹੁੰਦਾ ਸਗੋਂ ਰੋਜ਼ਾਨਾ ਜ਼ਿੰਦਗੀ ਵਿਚ ਲਾਗੂ ਕੀਤਾ ਜਾਂਦਾ ਹੈ।



### ਓਕਵਿਲ ਟਾਊਨ ਹਾਲ ਦੇ ਬਾਹਰ ਖਾਲਸਾਈ ਝੰਡਾ ਝੁਲਾਇਆ

ਵੈਨਕੂਵਰ ਵਿਖੇ 11 ਅਪ੍ਰੈਲ ਅਤੇ ਸਰੀ ਵਿਖੇ 18 ਅਪ੍ਰੈਲ ਨੂੰ ਸਜਾਏ ਜਾਣ ਵਾਲੇ ਅਲੌਕਿਕ ਨਗਰ ਕੀਰਤਨ ਲੱਖਾਂ ਲੋਕਾਂ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਦਾ ਸਬੱਬ ਬਣਨਗੇ। ਆਓ ਇਨ੍ਹਾਂ ਰੂਹਾਨੀ ਇਕੱਠਾਂ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਕਰੀਏ। ਇਸੇ ਦੌਰਾਨ ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਵੱਲੋਂ ਸਿੱਖ ਵਿਰਾਸਤੀ ਮਹੀਨਾ ਆਰੰਭ ਹੋਣ 'ਤੇ ਭਾਈਚਾਰੇ ਨੂੰ ਵਧਾਈ ਦਿਤੀ ਗਈ। ਕੌਂਸਲੇਟ ਨੇ ਕਿਹਾ ਕਿ ਸਿੱਖ ਭਾਈਚਾਰੇ ਨੇ ਭਾਰਤ ਅਤੇ ਕੈਨੇਡਾ ਦੋਹਾਂ ਮੁਲਕਾਂਵਿਚ ਵਡਮੁੱਲਾ ਯੋਗਦਾਨ ਪਾਇਆ ਹੈ ਅਤੇ ਪ੍ਰਮਾਤਮਾ ਕੌਮ ਨੂੰ ਹਮੇਸ਼ਾ ਚੜ੍ਹਦੀਕਲਾ ਵਿਚ ਰੱਖੇ। ਵਾਟਰਲੂ ਰੀਜਨਲ ਪੁਲਿਸ ਨੇ ਵਧਾਈ ਸੁਨੇਹੇ ਵਿਚ ਕਿਹਾ ਕਿ ਇਲਾਕੇ ਵਿਚ ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਲੰਡਨ ਪੁਲਿਸ ਨੇ ਕਿਹਾ ਕਿ ਸਿੱਖ ਵਿਰਾਸਤੀ ਮਹੀਨਾ ਬਰਾਬਰੀ ਅਤੇ ਨਿਸ਼ਕਾਮ ਸੇਵਾ ਦੇ ਜਜ਼ਬੇ ਨੂੰ ਹੋਰ ਉਭਾਰ ਕੇ ਪੇਸ਼ ਕਰੇਗਾ ਅਤੇ ਇਸ ਦੇ ਅਮੀਰ ਵਿਰਸੇ, ਸਭਿਆਚਾਰ ਅਤੇ ਕੈਨੇਡੀਅਨ ਸਿੱਖਾਂ ਦੇ ਯੋਗਦਾਨ ਦੀ ਯਾਦ ਵੀ ਦਿਵਾਏਗਾ।

ਕੰਜ਼ਰਵੇਟਿਵ ਪਾਰਟੀ ਦੇ ਐਮ.ਪੀ. ਟਿਮ ਉਪਲ ਨੇ ਆਪਣੇ ਵਧਾਈ ਸੁਨੇਹੇ ਵਿਚ ਕਿਹਾ ਕਿ ਕੈਨੇਡਾ ਵਿਚ ਸਿੱਖਾਂ ਦਾ ਇਤਿਹਾਸ 125 ਸਾਲ ਤੋਂ ਵੱਧ ਪੁਰਾਣਾ ਹੈ ਜਿਨ੍ਹਾਂ ਦੀਆਂ ਪੁਸ਼ਤਾਂ ਨੇ ਮੁਲਕ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਅਤੇ ਭਵਿੱਖ ਵਿਚ ਵੀ ਪਾਉਂਦੇ ਰਹਿਣਗੇ।

## ਕੈਨੇਡਾ 'ਚ ਵੀਜ਼ਾ ਦੀ ਧੋਖਾਧੜੀ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ

**ਓਟਾਵਾ**: ਕੈਨੇਡਾ ਸਰਕਾਰ ਨੇ ਵੀਜ਼ਾ ਧੋਖਾਧੜੀ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (IRCC) ਨੇ ਵੀਜ਼ਾ ਬਿਨੈਕਾਰਾਂ ਅਤੇ ਇਮੀਗ੍ਰੇਸ਼ਨ ਏਜੰਟਾਂ ਲਈ ਇੱਕ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਵਿਭਾਗ ਅਨੁਸਾਰ ਜੇਕਰ ਕੋਈ ਵਿਅਕਤੀ ਕੈਨੇਡਾ ਆਉਣ ਲਈ ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕਰਦਾ ਫੜਿਆ ਗਿਆ, ਤਾਂ ਉਸ 'ਤੇ ਦੇਸ਼ ਵਿੱਚ ਦਾਖਲ ਹੋਣ 'ਤੇ 5 ਸਾਲ ਦੀ ਪਾਬੰਦੀ ਲਗਾਈ ਜਾਵੇਗੀ।

### ਏਜੰਟਾਂ ਦੇ ਝੂਠੇ ਵਾਅਦਿਆਂ ਤੋਂ ਬਚਣ ਦੀ ਸਲਾਹ :

IRCC ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਅਜਿਹੇ ਧੋਖੇਬਾਜ਼ਾਂ ਤੋਂ ਬਚਣ ਜੋ ਤੁਹਾਡੀ ਮਿਹਨਤ ਦੀ ਕਮਾਈ ਹੜੱਪਣ ਲਈ ਤੇਜ਼ੀ ਨਾਲ ਵੀਜ਼ਾ ਮਨਜ਼ੂਰ ਕਰਵਾਉਣ ਜਾਂ ਅਰਜ਼ੀ ਦੀਆਂ ਕਮੀਆਂ ਨੂੰ ਠੀਕ ਕਰਨ ਦੇ ਝੂਠੇ ਵਾਅਦੇ ਕਰਦੇ ਹਨ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਅਰਜ਼ੀ ਵਿੱਚ ਫਰਜ਼ੀ ਦਸਤਾਵੇਜ਼ ਲਗਾਉਣ ਵਾਲੇ ਵਿਅਕਤੀ ਨੂੰ ਕਾਨੂੰਨੀ ਤੌਰ 'ਤੇ ਘੱਟੋ-ਘੱਟ ਪੰਜ ਸਾਲਾਂ ਲਈ ਕੈਨੇਡਾ ਵਿੱਚ ਰਹਿਣ ਜਾਂ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇਗਾ।

ਬਿਨੈਕਾਰਾਂ ਨੂੰ ਅਸਲ ਦਸਤਾਵੇਜ਼ ਪ੍ਰਦਾਨ ਕਰਨ ਅਤੇ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਘੁਟਾਲਿਆਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਗਈ ਹੈ।

ਕੈਨੇਡਾ ਸਰਕਾਰ ਨੇ ਕਈ ਵੀਜ਼ਾ ਸ਼੍ਰੇਣੀਆਂ ਵਿਚ ਜਾਂਚ ਤੇਜ਼ ਕਰ ਦਿੱਤੀ ਹੈ ਜਿਨ੍ਹਾਂ ਵਿਚ ਵਰਕ ਪਰਮਿਟ, ਸਟੱਡੀ ਪਰਮਿਟ ਅਤੇ ਅਸਾਇਲਮ ਦੇ ਦਾਅਵੇ ਸ਼ਾਮਲ ਹਨ। ਆਡੀਟਰ ਜਨਰਲ ਕੇਰਨ ਹੋਗਨ ਵੱਲੋਂ ਸੰਸਦ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਵਿੱਚ 'ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ' ਵਿੱਚ ਹੋ ਰਹੀਆਂ ਗੜਬੜੀਆਂ 'ਤੇ ਚਿੰਤਾ ਪ੍ਰਗਟਾਈ ਗਈ ਹੈ। ਰਿਪੋਰਟ ਅਨੁਸਾਰ ਸਾਲ 2023-24 ਦੌਰਾਨ ਲਗਭਗ 1,53,000 ਅੰਤਰਰਾਸ਼ਟਰੀ ਵਿਦਿਆਰਥੀ ਸਟੱਡੀ ਪਰਮਿਟ ਦੀਆਂ ਸ਼ਰਤਾਂ ਦੀ ਉਲੰਘਣਾ ਕਰਦੇ ਪਾਏ ਗਏ ਪਰ ਵਿਭਾਗ ਕੋਲ ਹਰ ਸਾਲ ਸਿਰਫ 2000 ਮਾਮਲਿਆਂ ਦੀ ਜਾਂਚ ਕਰਨ ਲਈ ਸਰੋਤ ਸਨ।

SABZI MANDI SUPERMARKET

Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

# ਹੁਣ ਮਿਲੇਗਾ ਕੈਨੇਡੀਅਨ ਪਾਸਪੋਰਟ 30 ਦਿਨਾਂ ਵਿਚ ਜਾਂ ਮੁਫਤ

**ਓਟਵਾ**: ਹੁਣ ਕੈਨੇਡਾ ਵਿਚ 30 ਦਿਨ ਦੇ ਅੰਦਰ ਪਾਸਪੋਰਟ ਜਾਂ ਫ਼ਰੀ ਵਾਲੀ ਸਹੂਲਤ ਲਾਗੂ ਹੋ ਗਈ ਹੈ। ਜੀ ਹਾਂ, ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਐਬ ਨੇ ਪਾਸਪੋਰਟ ਗਾਰੰਟੀ ਆਰੰਭ ਹੋਣ ਦਾ ਐਲਾਨ ਕਰਦਿਆਂ ਕਿਹਾ ਕਿ ਅਰਜ਼ੀ ਦਾਖਲ ਹੋਣ ਮਗਰੋਂ ਪਾਸਪੋਰਟ ਤਿਆਰ ਹੋਣ ਵਿਚ 30 ਕੰਮ ਵਾਲੇ ਦਿਨਾਂ ਤੋਂ ਵੱਧ ਸਮਾਂ ਲੱਗਿਆ ਤਾਂ ਫ਼ੀਸ ਵਾਪਸ ਕਰ ਦਿਤੀ ਜਾਵੇਗੀ। ਪਾਸਪੋਰਟ ਐਪਲੀਕੇਸ਼ਨ ਦੀ ਪ੍ਰੋਸੈਸਿੰਗ ਦਾ ਸਮਾਂ ਆਨਲਾਈਨ ਅਰਜ਼ੀ ਦਾਖਲ ਕਰਨ ਦੀ ਤਰੀਕ ਜਾਂ ਸਰਵਿਸ ਕੈਨੇਡਾ ਦੇ ਦਫ਼ਤਰ ਵਿਚ ਅਰਜ਼ੀ ਪੁੱਜਣ ਤੋਂ ਸ਼ੁਰੂ ਹੋਵੇਗਾ ਅਤੇ ਪਾਸਪੋਰਟ ਜਾਂ ਯਾਤਰਾ ਦਸਤਾਵੇਜ਼ ਦੀ ਪ੍ਰਿੰਟਿੰਗ ਮਗਰੋਂ ਤਸਦੀਕ ਹੋਣ ਤੱਕ ਖ਼ਤਮ ਹੋ ਜਾਵੇਗਾ। ਮੁਕੰਮਲ ਤੌਰ ’ਤੇ ਭਰੀ ਹੋਈ ਪਾਸਪੋਰਟ ਐਪਲੀਕੇਸ਼ਨ ਨਾਲ ਬਿਨੈਕਾਰ ਦੀ ਤਸਵੀਰ ਅਤੇ ਲੋੜੀਂਦੇ ਦਤਸਾਵੇਜ਼ ਹੋਣੇ ਲਾਜ਼ਮੀ ਹਨ ਜਦਕਿ ਫ਼ੀਸ ਦੀ ਅਦਾਇਗੀ ਵੀ ਕੀਤੀ ਗਈ ਹੋਵੇ। 30 ਦਿਨ ਵਾਲੀ ਸ਼ਰਤ ਪਾਸਪੋਰਟ ਦੀਆਂ ਆਨਲਾਈਨ ਅਰਜ਼ੀਆਂ, ਡਾਕ ਰਾਹੀਂ ਭੇਜੀਆਂ ਅਰਜ਼ੀਆਂ ਜਾਂ ਸਰਵਿਸ ਕੈਨੇਡਾ ਦੇ ਦਫ਼ਤਰ ਵਿਚ ਜਾ ਕੇ ਦਾਖਲ ਕੀਤੀਆਂ ਅਰਜ਼ੀਆਂ ’ਤੇ ਲਾਗੂ ਹੋਵੇਗੀ।

**1 ਅਪ੍ਰੈਲ ਤੋਂ ਲਾਗੂ ਹੋਈ ਨਵੀਂ ਗਾਰੰਟੀ:**




ਡਾਕ ਰਾਹੀਂ ਭੇਜੀਆਂ ਅਰਜ਼ੀਆਂ ਦੇ ਮਾਮਲੇ ਵਿਚ ਰਾਹ ਵਿਚ ਲੱਗਣ ਵਾਲਾ ਸਮਾਂ ਨਹੀਂ ਗਿਣਿਆ ਜਾਵੇਗਾ। ਇੰਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਮੁਲਕ ਦੇ ਲੋਕ ਸਰਕਾਰ ਤੋਂ ਭਰੋਸੇਮੰਦ ਸੇਵਾਵਾਂ ਦੀ ਉਮੀਦ ਕਰਦੇ ਹਨ ਜਿਸ ਦੇ ਮੱਦੇਨਜ਼ਰ 1 ਅਪ੍ਰੈਲ 2026 ਤੋਂ ਗਾਰੰਟੀ ਆਰੰਭੀ ਜਾ ਰਹੀ ਹੈ। ਭਾਵੇਂ ਜ਼ਿਆਦਾਤਰ ਪਾਸਪੋਰਟ ਤੈਅਸ਼ੁਦਾ ਸਮੇਂ ਦੇ ਅੰਦਰ ਹੀ ਤਿਆਰ ਹੋ ਜਾਂਦੇ ਹਨ ਪਰ ਨਵੀਂ ਰਿਫ਼ੰਡ ਪੌਲਿਸੀ ਪਾਸਪੋਰਟ ਡਿਲੀਵਰੀ ਸਿਸਟਮ ਨੂੰ ਬਿਹਤਰੀਨ ਬਣਾਈ ਰੱਖਣ ਦੀ ਵਚਨਬੱਧਤਾ ਦਰਸਾਉਂਦੀ ਹੈ। ਉਧਰ, ਰੁਜ਼ਗਾਰ ਅਤੇ ਪਰਵਾਰ ਭਲਾਈ ਮੰਤਰੀ ਪੈਟੀ ਹੈਦੂ ਨੇ ਕਿਹਾ ਕਿ ਜਦੋਂ ਕੈਨੇਡੀਅਨਜ਼ ਨੂੰ ਤੈਅਸ਼ੁਦਾ ਸਮਾਂ ਹੱਦ ਅੰਦਰ ਸੇਵਾਵਾਂ ਮਿਲਣਗੀਆਂ ਤਾਂ ਕੰਮ ਤੋਂ ਛੁੱਟੀ ਲੈਣ ਜਾਂ ਵਾਧੂ ਖ਼ਰਚਾ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਦੱਸ ਦੇਈਏ ਕਿ ਆਮ ਤੌਰ ’ਤੇ ਪਾਸਪੋਰਟ ਅਰਜ਼ੀਆਂ ਦੀ ਪ੍ਰੋਸੈਸਿੰਗ ਨਾਲ ਸਬੰਧਤ ਸਮਾਂ ਹੱਦ 10 ਤੋਂ 20 ਕੰਮ ਵਾਲੇ ਦਿਨ ਦਰਮਿਆਨ ਹੁੰਦੀ ਹੈ ਪਰ ਸਰਵਿਸ ਕੈਨੇਡਾ ਦੇ ਦਫ਼ਤਰ ਉਤੇ ਵੀ ਬਹੁਤ ਕੁਝ ਨਿਰਭਰ ਕਰਦਾ ਹੈ। ਕੈਨੇਡਾ ਸਰਕਾਰ ਵੱਲੋਂ 30 ਦਿਨ ਦੇ ਅੰਦਰ ਪਾਸਪੋਰਟ ਵਾਲੀ ਯੋਜਨਾ ਪਹਿਲੀ ਵਾਰ ਮਾਰਚ 2025 ਵਿਚ ਐਲਾਨੀ ਗਈ ਅਤੇ ਹੁਣ ਇਸ ਨੂੰ ਲਾਗੂ ਕਰਨਾ ਮੁਮਕਿਨ ਹੋ ਸਕਿਆ ਹੈ। ਫ਼ੈਡਰਲ ਸਰਕਾਰ ਦਾ ਕਹਿਣਾ ਹੈ ਕਿ ਪਾਸਪੋਰਟ ਹਾਸਲ ਕਰਨ ਦੇ ਰਾਹ ਵਿਚ ਆਉਣ ਵਾਲੇ ਸਾਰੇ ਅੜਿੱਕੇ ਖਤਮ ਕੀਤੇ ਜਾ ਰਹੇ ਹਨ ਅਤੇ ਖਰਚਾ ਵੀ ਘਟਾਇਆ ਜਾ ਰਿਹਾ ਹੈ। ਮਹਾਂਮਾਰੀ ਦੌਰਾਨ ਪਾਸਪੋਰਟ ਅਰਜ਼ੀਆਂ ਦਾ ਬੈਕਲਾਗ ਵਧਣ ਕਰ ਕੇ ਲੋਕਾਂ ਨੂੰ ਯਾਤਰਾ ਦਸਤਾਵੇਜ਼ ਹਾਸਲ ਕਰਨ ਲਈ ਲੰਮੀ ਉਡੀਕ ਕਰਨੀ ਪਈ। ਵੱਡੇ ਪੱਧਰ ’ਤੇ ਕੀਤੀ ਯੋਜਨਾਬੰਦੀ ਦੇ ਬਾਵਜੂਦ ਪਾਸਪੋਰਟ ਦੀ ਮੰਗ ਵਿਚ ਹੋਏ ਵਾਧੇ ਨਾਲ ਨਜਿੱਠਣਾ ਔਖਾ ਹੋ ਗਿਆ।

**ਇੰਮੀਗ੍ਰੇਸ਼ਨ ਮੰਤਰੀ ਵੱਲੋਂ ਰੀਫ਼ੰਡ ਪੌਲਿਸੀ ਦਾ ਐਲਾਨ:**

2021 ਤੋਂ 2022 ਦਰਮਿਆਨ ਲੋਕਾਂ ਵੱਲੋਂ ਪਾਸਪੋਰਟ ਅਰਜ਼ੀਆਂ ਨਾਲ ਸਬੰਧਤ ਫੋਨ ਕਾਲਜ਼ ਚਾਰ ਗੁਣਾ ਵਧ ਗਈਆਂ ਅਤੇ ਕਿਸੇ ਕੋਲ ਢੁਕਵਾਂ ਜਵਾਬ ਨਹੀਂ ਸੀ ਹੁੰਦਾ। 2021-22 ਦੇ ਵਰ੍ਹੇ ਦੌਰਾਨ ਸਰਵਿਸ ਕੈਨੇਡਾ ਵੱਲੋਂ 13 ਲੱਖ ਪਾਸਪੋਰਟ ਜਾਰੀ ਕੀਤੇ ਗਏ ਜਦਕਿ 2018-19 ਵਿਚ 30 ਲੱਖ ਪਾਸਪੋਰਟ ਜਾਰੀ ਕੀਤੇ ਗਏ ਸਨ।

ਹਾਲਾਤ ਦੇ ਮੱਦੇਨਜ਼ਰ ਨਾਗਰਿਕ ਸੇਵਾਵਾਂ ਵਿਭਾਗ ਵੱਲੋਂ ਪ੍ਰੋਸੈਸਿੰਗ ਤੇਜ਼ ਕਰਨ ਖਾਤਰ ਵਸੀਲਿਆਂ ਵਿਚ ਵਾਧਾ ਕੀਤਾ ਗਿਆ ਅਤੇ ਲੋਕਾਂ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇਣ ਲਈ ਆਟੋਮੈਟਿਕ ਪ੍ਰਣਾਲੀ ਲਿਆਂਦੀ। ਸਿਰਫ ਐਨਾ ਹੀ ਨਹੀਂ ਆਨਲਾਈਨ ਪਾਸਪੋਰਟ ਨਵਿਆਉਣ ਦੀ ਸਹੂਲਤ ਆਰੰਭੀ ਗਈ ਅਤੇ ਇਸ ਨੂੰ ਕੁਝ ਥਾਵਾਂ ਤੋਂ ਸ਼ੁਰੂ ਕਰਦਿਆਂ ਘੇਰਾ ਲਗਾਤਾਰ ਵਧਾਇਆ ਜਾ ਰਿਹਾ ਹੈ। ਪਾਸਪੋਰਟ ਤੋਂ ਅੱਗੇ ਵਧਦਿਆਂ ਸਰਵਿਸ ਕੈਨੇਡਾ ਵੱਲੋਂ ਇੰਪਲੌਇਮੈਂਟ ਇੰਸ਼ੋਰੈਂਸ, ਓਲਡ ਏਜ ਸਕਿਉਰਿਟੀ ਅਤੇ ਕੈਨੇਡਾ ਪੈਨਸ਼ਨ ਪਲੈਨ ਵਰਗੀਆਂ ਸੇਵਾਵਾਂ ਵੀ ਤੇਜ਼ ਕੀਤੀਆਂ ਜਾ ਰਹੀਆਂ ਹਨ।

# ਕੈਨੇਡਾ ਵਿਚ ਸਿੱਖ ਖੇਡਾਂ ਰਚਣਗੀਆਂ ਇਤਿਹਾਸ

**ਟੋਰਾਂਟੋ**: ਕੈਨੇਡਾ ਵਿੱਚ ਰਹਿਣ ਵਾਲੇ ਸਿੱਖਾਂ ਲਈ ਇੱਕ ਖੁਸ਼ਖਬਰੀ ਆਈ ਹੈ। ਓਨਟਾਰੀਓ ਸੂਬੇ ਵਿੱਚ ਪਹਿਲੀ ਵਾਰ ਇਤਿਹਾਸ ਰਚਦੀਆਂ ‘ਸਿੱਖ ਖੇਡਾਂ’ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਖੇਡਾਂ ਨਾ ਸਿਰਫ਼ ਸਰੀਰਕ ਤੰਦਰੁਸਤੀ ਵਧਾਉਣਗੀਆਂ, ਸਗੋਂ ਸਿੱਖ ਵਿਰਸੇ, ਸੱਭਿਆਚਾਰ ਅਤੇ ਭਾਈਚਾਰਕ ਏਕਤਾ ਨੂੰ ਵੀ ਉਜਾਗਰ ਕਰਨਗੀਆਂ।

ਪ੍ਰਬੰਧਕਾਂ ਅਨੁਸਾਰ ਇਨ੍ਹਾਂ ਖੇਡਾਂ ਦਾ ਮੁੱਖ ਉਦੇਸ਼ ਕੈਨੇਡਾ ਵਿੱਚ ਵੱਡੀਆਂ ਹੋ ਰਹੀਆਂ ਨਵੀਆਂ ਪੀੜ੍ਹੀਆਂ ਨੂੰ ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਅਤੇ ਖੇਡਾਂ ਨਾਲ ਜੋੜਨਾ ਹੈ। ਇਹ ਇੱਕ ਵਧੀਆ ਮੰਚ ਹੋਵੇਗਾ ਜਿੱਥੇ ਸਿੱਖ ਖਿਡਾਰੀ ਆਪਣੀਆਂ ਯੋਗਤਾਵਾਂ ਦਿਖਾ ਸਕਣਗੇ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਬਿਤਾਉਣ ਦਾ ਸੰਦੇਸ਼ ਵੀ ਮਿਲੇਗਾ।

ਓਨਟਾਰੀਓ ਸੂਬੇ ਵਿੱਚ ਪਹਿਲੀ ਵਾਰ ਆਯੋਜਿਤ ਹੋਣ ਵਾਲੀਆਂ ‘ਸਿੱਖ ਖੇਡਾਂ’ ਇੱਕ ਵੱਡਾ ਇਤਿਹਾਸਕ ਛਿਣ ਹੈ। ਇਹ ਖੇਡਾਂ ਸਿੱਖ ਖਿਡਾਰੀਆਂ ਨੂੰ ਇੱਕ ਥਾਂ ਉਤੇ ਇੱਕਠੇ ਕਰਨਗੀਆਂ। ਇਹ ਖੇਡਾਂ ਉਨ੍ਹਾਂ ਦੇ ਰਵਾਇਤੀ ਵਿਰਸੇ ਨੂੰ ਨਵੀਆਂ ਪੀੜ੍ਹੀਆਂ ਤੱਕ ਪਹੁੰਚਾਉਣਗੀਆਂ। ਕੈਨੇਡਾ ਵਿੱਚ ਲੱਖਾਂ ਸਿੱਖ ਰਹਿੰਦੇ ਹਨ ਅਤੇ ਇਸ ਤਰ੍ਹਾਂ ਦੀਆਂ ਖੇਡਾਂ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਣ ਵਿੱਚ ਮਦਦ ਕਰਨਗੀਆਂ। ਇਸ ਨਾਲ ਖਿਡਾਰੀਆਂ ਨੂੰ ਆਪਣੀਆਂ ਯੋਗਤਾਵਾਂ ਵਿਖਾਉਣ ਦਾ ਮੌਕਾ ਮਿਲੇਗਾ ਅਤੇ ਭਾਈਚਾਰਾ ਇੱਕਠਾ ਹੋ ਕੇ ਖੇਡਾਂ ਦਾ ਆਨੰਦ ਲੈ ਸਕੇਗਾ।

ਇਨ੍ਹਾਂ ਖੇਡਾਂ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਸਿੱਖ ਵਿਰਸੇ ਅਤੇ ਖੇਡਾਂ ਨਾਲ ਜੋੜਨਾ ਅਤੇ ਸਰੀਰਕ ਤੰਦਰੁਸਤੀ ਵਧਾਉਣਾ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣਾ ਹੈ। ਇਸ ਤੋਂ ਇਲਾਵਾ ਸਿੱਖ ਖਿਡਾਰੀਆਂ ਨੂੰ ਆਪਣੀਆਂ ਕਲਾਵਾਂ ਅਤੇ ਜੌਹਰ ਵਿਖਾਉਣ ਲਈ ਪਲੇਟਫਾਰਮ ਦੇਣਾ ਅਤੇ ਭਾਈਚਾਰਕ ਏਕਤਾ ਅਤੇ ਸੱਭਿਆਚਾਰਕ ਮਾਣ ਵਧਾਉਣਾ ਵੀ ਹੈ।

ਇਸ ਵਾਰ ਰਵਾਇਤੀ ਅਤੇ ਆਧੁਨਿਕ ਖੇਡਾਂ ਦੋਵੇਂ ਸ਼ਾਮਲ ਹੋਣਗੀਆਂ: ਕਬੱਡੀ – ਪੰਜਾਬੀਆਂ ਦੀ ਸਭ ਤੋਂ ਪਿਆਰੀ ਖੇਡ, ਇਸ ਵਾਰ ਇਹ ਖਿੱਚ ਦਾ ਮੁੱਖ ਕੇਂਦਰ ਹੋਵੇਗੀ। ਗਤਕਾ – ਸਿੱਖਾਂ ਦਾ ਰਵਾਇਤੀ ਮਾਰਸ਼ਲ ਆਰਟ, ਜਿਸ ਵਿੱਚ ਖਿਡਾਰੀ ਆਪਣੀਆਂ ਬਹਾਦਰੀ ਅਤੇ ਹੁਨਰ ਵਿਖਾਉਣਗੇ। ਹੋਰ ਖੇਡਾਂ ‘ਚ ਵਾਲੀਬਾਲ, ਸੌਕਰ ਭਾਵ ਫੁੱਟਬਾਲ), ਹਾਕੀ, ਬਾਸਕਟਬਾਲ ਅਤੇ ਵੈਟਲਿਫਟਿੰਗ ਜਿਹੀਆਂ ਖੇਡਾਂ ਵੀ ਸ਼ਾਮਲ ਹੋਣਗੀਆਂ।



# PUNJABI JOURNAL

Volume: 19, Issue: 14 || Ph: 604-312-5678 || Friday, April 03, 2026


## ਸਰੀ ਦੀ ਸਿਆਸਤ ਵਿੱਚ ਵੱਡਾ ਧਮਾਕਾ: ਮੇਅਰ ਦੇ ਉਮੀਦਵਾਰ ਵਜੋਂ ਮੈਦਾਨ ਵਿਚ ਉੱਤਰੇ ਹੋਨਵੀਰ ਸਿੰਘ ਰੰਧਾਵਾ ਦੇ ਸਮਰੱਥਕਾਂ ਦਾ ਰਿਕਾਰਡ ਤੋੜ ਇਕੱਠ

**ਸਰੀ**, (ਹਰਦਮ ਮਾਨ)- ਸਰੀ ਸਿਟੀ ਦੀਆਂ ਆਗਾਮੀ ਚੋਣਾਂ ਲਈ ਕੰਸਰਵੇਟਿਵ ਪਾਰਟੀ ਆਫ਼ ਸਰੀ ਵੱਲੋਂ ਬੀਤੇ ਦਿਨ ਇੰਪ੍ਰੈਸ ਬੈਂਕੁਇਟ ਹਾਲ ਵਿੱਚ ਕਰਵਾਏ ਗਏ ਸ਼ਾਨਦਾਰ ਸਮਾਗਮ ਨੇ ਸ਼ਹਿਰ ਦੇ ਸਿਆਸੀ ਸਮੀਕਰਨ ਬਦਲ ਕੇ ਰੱਖ ਦਿੱਤੇ ਹਨ। ਇਸ ਮੌਕੇ ਹੋਨਵੀਰ ਸਿੰਘ ਰੰਧਾਵਾ ਨੂੰ ਅਧਿਕਾਰਤ ਤੌਰ 'ਤੇ ਮੇਅਰ ਦੇ ਉਮੀਦਵਾਰ ਵਜੋਂ ਐਲਾਨਿਆ ਗਿਆ। ਇਸ ਸਮਾਗਮ ਵਿੱਚ ਪਹੁੰਚੇ ਸਮਰਥਕਾਂ ਅਤੇ ਸਹਿਯੋਗੀਆਂ ਦੇ ਲਾਮਿਸਾਲ ਇਕੱਠ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ, ਜਿਸ ਨਾਲ ਵਿਰੋਧੀ ਖੇਮਿਆਂ ਵਿੱਚ ਵੀ ਹਲਚਲ ਮੱਚ ਗਈ ਹੈ। ਸਮਾਗਮ ਦੌਰਾਨ ਹਾਲ ਵਿੱਚ ਮੌਜੂਦ ਲਗਭਗ 1500 ਤੋਂ ਵੱਧ ਹਮਾਇਤੀਆਂ ਦਾ ਜੋਸ਼ ਵੇਖਣਯੋਗ ਸੀ। ਜਿਵੇਂ ਹੀ ਹੋਨਵੀਰ ਰੰਧਾਵਾ ਦੇ ਨਾਮ ਦਾ ਐਲਾਨ ਹੋਇਆ, ਪੂਰਾ ਹਾਲ ਦੇਰ ਤੱਕ ਤਾੜੀਆਂ ਅਤੇ ਨਾਅਰਿਆਂ ਨਾਲ ਗੂੰਜਦਾ ਰਿਹਾ। ਲੋਕਾਂ ਦਾ ਇਹ ਉਤਸ਼ਾਹ ਸਾਫ਼ ਦੱਸ ਰਿਹਾ ਸੀ ਕਿ ਸਰੀ ਦੇ ਨਿਵਾਸੀ ਹੁਣ ਸ਼ਹਿਰ ਵਿੱਚ ਇੱਕ ਨਵੀਂ ਅਤੇ ਦੂਰਅੰਦੇਸ਼ੀ ਲੀਡਰਸ਼ਿਪ ਦੀ ਉਡੀਕ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਹੋਨਵੀਰ ਸਿੰਘ ਰੰਧਾਵਾ ਨੇ ਬ੍ਰਿਟਿਸ਼ ਕੋਲੰਬੀਆ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪਣੀ ਬੁਲੰਦ ਸ਼ਖ਼ਸੀਅਤ ਅਤੇ ਮਜ਼ਬੂਤ ਸਿਆਸੀ ਪਕੜ ਦਾ ਲੋਹਾ ਮਨਵਾਇਆ। ਸਰੀ ਗਿਲਫਰਡ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਰਦਿਆਂ ਉਨ੍ਹਾਂ ਨੇ ਐਨਡੀਪੀ (ਧਫ) ਦੇ ਦਿੱਗਜ ਆਗੂ ਅਤੇ ਸਾਬਕਾ ਮੰਤਰੀ ਗੈਰੀ ਬੈਗ ਨੂੰ ਅਜਿਹੀ ਜ਼ੋਰਦਾਰ ਟੱਕਰ ਦਿੱਤੀ ਕਿ ਸਿਆਸੀ ਗਲਿਆਰਿਆਂ ਵਿੱਚ ਹਲਚਲ ਮਚ ਗਈ। ਚੋਣਾਂ ਪਹਿਲੇ ਨਤੀਜਿਆਂ ਅਨੁਸਾਰ ਹੋਨਵੀਰ ਰੰਧਾਵਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜੇਤੂ ਬੜ੍ਹਤ ਹਾਸਲ ਕੀਤੀ, ਜੋ ਉਨ੍ਹਾਂ ਦੀ ਲੋਕਪ੍ਰਿਯਤਾ ਦਾ ਪ੍ਰਤੱਖ ਪ੍ਰਮਾਣ ਸੀ। ਹਾਲਾਂਕਿ ਅੰਤਿਮ ਨਤੀਜਿਆਂ ਵਿੱਚ ਕਿਸਮਤ ਨੇ ਮਾਮੂਲੀ ਕਰਵਟ ਲਈ। ਡਾਕ ਰਾਹੀਂ ਆਈਆਂ ਵੋਟਾਂ ਦੀ ਗਿਣਤੀ ਤੋਂ ਬਾਅਦ ਉਹ ਸਿਰਫ਼ 22 ਵੋਟਾਂ ਦੇ ਬੇਹੱਦ ਮਾਮੂਲੀ ਫਰਕ ਨਾਲ ਪਛੜ ਗਏ। ਭਾਵੇਂ ਅੰਕੜਿਆਂ ਦੀ ਖੇਡ ਵਿੱਚ ਫਰਕ ਮਾਮੂਲੀ ਰਿਹਾ ਪਰ ਇੱਕ ਤਜ਼ਰਬੇਕਾਰ ਮੰਤਰੀ ਦੇ ਸਾਹਮਣੇ ਅਜਿਹੀ ਚਟਾਨ ਵਰਗੀ ਚੁਣੌਤੀ ਖੜ੍ਹੀ ਕਰਨਾ ਹੋਨਵੀਰ ਰੰਧਾਵਾ ਦੀ ਵੱਡੀ ਨੈਤਿਕ ਜਿੱਤ ਮੰਨੀ ਜਾਂਦੀ ਹੈ।

ਸਰੀ ਦੇ ਮਸ਼ਹੂਰ ਪਾਇਲ ਬਿਜ਼ਨਸ ਸੈਂਟਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਸਿਆਸੀ ਇਕੱਠ ਕਾਰਨ ਪਾਰਕਿੰਗ ਦੀ ਏਨੀ ਵੱਡੀ ਕਿੱਲਤ ਦੇਖਣ ਨੂੰ ਮਿਲੀ। ਸਮਰਥਕਾਂ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਬੈਂਕੁਇਟ ਹਾਲ ਦੀ ਪਾਰਕਿੰਗ ਮਿੰਟਾਂ ਵਿੱਚ ਹੀ ਭਰ ਗਈ ਅਤੇ ਸੈਂਕੜੇ ਲੋਕਾਂ ਨੂੰ ਆਪਣੀਆਂ ਗੱਡੀਆਂ ਲਾਗਲੇ ਪਲਾਜ਼ਿਆਂ ਅਤੇ ਦੂਰ-ਦੁਰਾਡੇ ਪਾਰਕ ਕਰਨੀਆਂ ਪਈਆਂ। ਪਾਰਕਿੰਗ ਨਾ ਮਿਲਣ ਕਾਰਨ ਲਗਭਗ 100 ਤੋਂ ਵੱਧ ਅਜਿਹੇ ਲੋਕ ਸਨ ਜੋ ਚਾਹੁੰਦੇ ਹੋਏ ਵੀ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋ ਸਕੇ, ਜੋ ਆਪਣੇ ਆਪ ਵਿੱਚ ਰੰਧਾਵਾ ਦੀ ਵਧਦੀ ਲੋਕਪ੍ਰਿਯਤਾ ਦਾ ਸਬੂਤ ਹੈ।

ਆਪਣੇ ਸੰਬੋਧਨ ਵਿੱਚ ਹੋਨਵੀਰ ਸਿੰਘ ਰੰਧਾਵਾ ਨੇ ਇਸ ਪਿਆਰ ਅਤੇ ਸਤਿਕਾਰ ਲਈ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇਕੱਠ







ਸਿਰਫ਼ ਭੀੜ ਨਹੀਂ ਸਗੋਂ ਸਰੀ ਵਿੱਚ ਆਮ ਸਮਝ ਵਾਲੀ ਰਾਜਨੀਤੀ ਲਿਆਉਣ ਦਾ ਇੱਕ ਅਹਿਦ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਸਰੀ ਨੂੰ ਸੁਰੱਖਿਅਤ, ਜਵਾਬਦੇਹ ਅਤੇ ਪਰਿਵਾਰਾਂ ਲਈ ਰਹਿਣ ਯੋਗ ਸ਼ਹਿਰ ਬਣਾਉਣ ਲਈ ਦਿਨ-ਰਾਤ ਇੱਕ ਕਰ ਦੇਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਏਨੀ ਵੱਡੀ ਗਿਣਤੀ ਵਿੱਚ ਜੁੜਨਾ ਇਸ ਗੱਲ ਦਾ ਸੰਕੇਤ ਹੈ ਕਿ ਸਰੀ ਦੇ ਵਸਨੀਕ ਮੌਜੂਦਾ ਪ੍ਰਸ਼ਾਸਨ ਦੀਆਂ ਨੀਤੀਆਂ ਤੋਂ ਅੱਕ ਚੁੱਕੇ ਹਨ ਅਤੇ ਬਦਲਾਅ ਲਈ ਤਿਆਰ ਹਨ।

ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਮੇਅਰ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਮੌਜੂਦਾ ਅਤੇ ਪਿਛਲੇ ਪ੍ਰਸ਼ਾਸਨ ਦੀਆਂ ਨਾਕਾਮੀਆਂ ਨੂੰ ਨਿਸ਼ਾਨਾ ਬਣਾਇਆ ਅਤੇ ਸਰੀ ਦੇ ਵਸਨੀਕਾਂ ਲਈ 'ਕੰਸਰਵੇਟਿਵ ਆਮ ਸਮਝ' ਵਾਲਾ ਮਾਡਲ ਪੇਸ਼ ਕੀਤਾ। ਆਪਣੇ ਭਾਸ਼ਣ ਵਿੱਚ ਸ੍ਰੀ ਰੰਧਾਵਾ ਨੇ ਕਿਹਾ ਕਿ ਸਰੀ ਨੇ ਪਿਛਲੇ 11 ਸਾਲਾਂ ਵਿੱਚ ਕਈ ਉਤਾਰ-ਚੜ੍ਹਾਅ ਦੇਖੇ ਹਨ। ਉਨ੍ਹਾਂ ਡੱਗ ਮੈਕਲਮ ਦੇ ਕਾਰਜਕਾਲ ਨੂੰ ਅਸਥਿਰਤਾ ਅਤੇ ਵੰਡ ਵਾਲਾ ਦੱਸਿਆ ਜਦਕਿ ਮੌਜੂਦਾ ਲੀਡਰਸ਼ਿਪ 'ਤੇ ਸਿਰਫ਼ ਪੁਲਿਸਿੰਗ ਵਿਵਾਦ (ਆਰਸੀਐਮਪੀ ਬਨਾਮ ਸਰੀ ਪੁਲਿਸ) ਵਿੱਚ ਉਲਝੇ ਰਹਿਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਜਦੋਂ ਲੋਕ ਵਧਦੀ ਮਹਿੰਗਾਈ ਅਤੇ ਅਸੁਰੱਖਿਆ ਨਾਲ ਜੂਝ ਰਹੇ ਸਨ ਤਾਂ ਸਿਟੀ ਹਾਲ ਇੱਕ ਸਿਆਸੀ ਲੜਾਈ ਵਿੱਚ ਟੈਕਸਦਾਤਿਆਂ ਦੇ ਲੱਖਾਂ ਡਾਲਰ ਬਰਬਾਦ ਕਰ ਰਿਹਾ ਸੀ।

ਸ਼ਹਿਰ ਵਿੱਚ ਵਧ ਰਹੀ ਗੈਂਗ ਹਿੰਸਾ ਅਤੇ ਜਬਰੀ ਵਸੂਲੀ 'ਤੇ ਚਿੰਤਾ ਪ੍ਰਗਟ ਕਰਦਿਆਂ ਕੰਸਰਵੇਟਿਵ ਉਮੀਦਵਾਰ ਨੇ ਐਲਾਨ ਕੀਤਾ ਕਿ ਉਹ ਸ਼ਹਿਰੀਆਂ ਦੀ ਸੁਰੱਖਿਆ ਨੂੰ ਮੁੱਖ ਰਖਦਿਆਂ ਫਰੰਟਲਾਈਨ ਪੁਲਿਸਿੰਗ ਨੂੰ ਵਧੇਰੇ ਫੰਡ ਦੇਣ ਨੂੰ ਪਹਿਲ ਦੇਣਗੇ। ਉਨ੍ਹਾਂ ਵਾਅਦਾ ਕੀਤਾ ਕਿ ਜਨਤਕ ਥਾਵਾਂ ਅਤੇ ਪਾਰਕਾਂ ਨੂੰ ਸੂਈਆਂ ਅਤੇ ਨਸ਼ਿਆਂ ਤੋਂ ਮੁਕਤ ਕੀਤਾ ਜਾਵੇਗਾ। ਨੌਜਵਾਨਾਂ ਨੂੰ ਨਸ਼ਿਆਂ ਅਤੇ ਗੈਂਗਾਂ ਤੋਂ ਬਚਾਉਣ ਲਈ ਕਿਫਾਇਤੀ ਮਨੋਰੰਜਨ ਕੇਂਦਰਾਂ ਅਤੇ ਪ੍ਰੋਗਰਾਮਾਂ ਵਿੱਚ ਨਿਵੇਸ਼ ਕੀਤਾ ਜਾਵੇਗਾ।

ਘਰ ਦੇ ਮਾਲਕਾਂ ਲਈ 'ਸਰੀ ਹੋਮ ਪ੍ਰੋਟੈਕਸ਼ਨ ਫੰਡ' ਕਾਇਮ ਕਰਨ ਦਾ ਵਾਅਦਾ ਕਰਦਿਆਂ ਸ੍ਰੀ ਰੰਧਾਵਾ ਨੇ ਕਿਹਾ ਕਿ ਅਕਸਰ ਮਾੜੇ ਕਿਰਾਏਦਾਰਾਂ ਕਾਰਨ ਘਰ ਦੇ ਮਾਲਕਾਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈਂਦਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਜੇਕਰ ਕੋਈ ਕਿਰਾਏਦਾਰ ਨੂੰ ਠਭ ਦੇ ਫੈਸਲੇ ਦੇ ਬਾਵਜੂਦ ਨੁਕਸਾਨ ਦੀ ਪੂਰੀ ਭਰਪਾਈ ਨਹੀਂ ਹੁੰਦੀ ਤਾਂ ਸਿਟੀ ਪ੍ਰਸ਼ਾਸਨ ਅਜਿਹੇ ਮਾਲਕਾਂ ਨੂੰ ਮੁਆਵਜ਼ਾ ਦੇਵੇਗਾ।

ਸੋਗੀ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਇਹ ਜਾਣਨ ਦਾ ਪੂਰਾ ਹੱਕ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਕੀ ਪੜ੍ਹਾਇਆ ਜਾ ਰਿਹਾ ਹੈ। ਉਨ੍ਹਾਂ ਇੱਕ 'ਮਾਪੇ-ਨਾਗਰਿਕ ਸਲਾਹਕਾਰ ਕਮੇਟੀ' ਬਣਾਉਣ ਦਾ ਪ੍ਰਸਤਾਵ ਦਿੱਤਾ ਤਾਂ ਜੋ ਸਿੱਖਿਆ ਸਮੱਗਰੀ ਵਿੱਚ ਪਾਰਦਰਸ਼ਤਾ ਲਿਆਂਦੀ ਜਾ ਸਕੇ।

ਸਿਟੀ ਹਾਲ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਾਉਂਦਿਆਂ ਉਨ੍ਹਾਂ ਕਿਹਾ ਕਿ ਬਿਲਡਿੰਗ ਪਰਮਿਟਾਂ ਲਈ 6-6 ਮਹੀਨਿਆਂ ਦੀ ਉਡੀਕ ਪ੍ਰਵਾਨ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕੁਸ਼ਲ ਸਰਕਾਰ ਅਤੇ ਘੱਟ ਟੈਕਸ ਦਾ ਨਾਅਰਾ ਦਿੰਦਿਆਂ ਸਿਟੀ ਸੇਵਾਵਾਂ ਨੂੰ ਤੇਜ਼ ਕਰਨ ਦਾ ਭਰੋਸਾ ਦਿੱਤਾ। ਅਖੀਰ ਵਿੱਚ ਉਨ੍ਹਾਂ ਸਰੀ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਚੋਣ ਸਿਰਫ਼ ਇੱਕ ਮੇਅਰ ਚੁਣਨ ਤੱਕ ਹੀ ਸੀਮਤ ਨਹੀਂ ਸਗੋਂ ਸ਼ਹਿਰ ਦੇ ਭਵਿੱਖ ਦੀ ਦਿਸ਼ਾ ਤੈਅ ਕਰਨ ਲਈ ਅਹਿਮ ਮੌਕਾ ਹੈ। ਉਨ੍ਹਾਂ ਕਿਹਾ ਕਿ ਸਰੀ ਨੂੰ ਹੁਣ ਹਫੜਾ-ਦਫੜੀ ਦੀ ਨਹੀਂ ਸਗੋਂ ਜਵਾਬਦੇਹ ਅਤੇ ਨਤੀਜੇ-ਅਧਾਰਿਤ ਲੀਡਰਸ਼ਿਪ ਦੀ ਲੋੜ ਹੈ। ਇਸ ਮੌਕੇ ਪਾਰਟੀ ਵੱਲੋਂ ਸਰੀ ਸਿਟੀ ਕੌਂਸਲਰ ਦੀ ਚੋਣ ਲਈ ਐਲਾਨੇ ਗਏ ਉਮੀਦਵਾਰ ਕੌਂਸਲਰ ਉਮੀਦਵਾਰ ਰਿੱਕੀ ਬਾਜਵਾ, ਰਮਿੰਦਰ ਕੌਰ, ਲੀਟਾ ਕਬਾਲ, ਸੈਨੀ ਕਲੌਕ, ਹੌਲੀ ਵਰਚਰੀ ਅਤੇ ਜੇਮਜ਼ ਯੂ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜਰ ਸਨ।


WESTERN COMMUNITY COLLEGE


JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD



APPLY NOW: WCC.CA

# ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ ਦੇ ਕਵੀ ਦਰਬਾਰ ਵਿੱਚ ਪ੍ਰਸਿੱਧ ਕਵੀਆਂ ਨੇ ਸ਼ਮੂਲੀਅਤ ਕੀਤੀ






ਸਰੀ (ਹਰਦਮ ਮਾਨ)-ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੇਲਟਾ ਵੱਲੋਂ ਮਾਸਿਕ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਅਨੇਕਾਂ ਪ੍ਰਸਿੱਧ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਕਵੀ ਦਰਬਾਰ ਵਿੱਚ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਸੀਨੀਅਰ ਪੱਤਰਕਾਰ ਹਰਦਮ ਸਿੰਘ ਮਾਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਅਤੇ ਲਹਿੰਬਰ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਦਾ ਮੰਚ ਸੰਚਾਲਨ ਮਨਜੀਤ ਸਿੰਘ ਮੱਲਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।

ਕਵੀ ਦਰਬਾਰ ਦਾ ਆਗਾਜ਼ ਅਵਤਾਰ ਸਿੰਘ ਬਰਾੜ ਨੇ ਧਾਰਮਿਕ ਗੀਤ 'ਯੋਧੇ ਲੜਦੇ ਵਿੱਚ ਮੈਦਾਨਾਂ ਦੇ' ਨਾਲ ਕੀਤਾ, ਜਿਸ ਤੋਂ ਬਾਅਦ ਜਸਵੰਤ ਰਾਣਾ ਨੇ ਤਰੰਨੁਮ ਵਿੱਚ ਖ਼ੂਬਸੂਰਤ ਗੀਤ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਮਾਸਟਰ ਅਮਰੀਕ ਸਿੰਘ ਲਹਿਲ ਨੇ ਆਪਣੀ ਸਵਰਗੀ ਧਰਮਪਤਨੀ ਦੀ ਯਾਦ ਵਿੱਚ ਭਾਵੁਕ ਕਵਿਤਾ 'ਪੌਣਾਂ ਦਾ ਸਿਰਨਾਵਾਂ' ਪੇਸ਼ ਕੀਤੀ। ਰਮਿੰਦਰ ਕੌਰ ਮਨਚੰਦਾ ਨੇ ਹਿੰਦੀ ਕਵਿਤਾ ਅਤੇ ਬਲਬੀਰ ਸਿੰਘ ਸੰਘਾ ਨੇ 'ਜੀ ਰਾਮ ਜੀ' ਕਵਿਤਾ ਰਾਹੀਂ ਹਾਜ਼ਰੀ ਲਵਾਈ। ਸਵਰਨ ਸਿੰਘ ਚਾਹਲ, ਗੁਰਚਰਨ ਸਿੰਘ ਬਰਾੜ, ਦਵਿੰਦਰ ਬਚਰਾ ਨੇ ਕਵਿਤਾਵਾਂ ਸਾਂਝੀਆਂ ਕੀਤੀਆਂ। ਜਗਜੀਤ ਸਿੰਘ ਸੇਖੋਂ ਨੇ ਗ਼ਜ਼ਲ ਤੇ ਕਵਿਤਾ ਪੇਸ਼ ਕੀਤੀ, ਜਦਕਿ ਬੀਬਾ ਕੰਵਰਦੀਪ ਨੇ ਦੇਸ਼-ਭਗਤੀ ਦਾ ਗੀਤ ਸੁਣਾ ਕੇ ਦੇਸ਼ ਪ੍ਰੇਮ ਦਾ ਜਜ਼ਬਾ ਪੈਦਾ ਕੀਤਾ। ਗੀਤਕਾਰ ਗੁਰਮੀਤ ਸਿੰਘ ਕਾਲਕਟ ਨੇ 'ਸੱਸਾਂ ਵੱਲੋਂ ਨੂੰਹਾਂ ਦੇ ਦੁੱਖੜੇ' ਗੀਤ ਰਾਹੀਂ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਪੱਖ ਵੀ ਪੇਸ਼ ਕੀਤਾ।

ਨਾਮਵਰ ਸ਼ਾਇਰ ਇੰਦਰਜੀਤ ਧਾਮੀ ਨੇ ਜ਼ਿੰਦਗੀ ਦੇ ਫ਼ਲਸਫ਼ੇ ਬਾਰੇ ਆਪਣੇ ਵਿਚਾਰ ਅਤੇ ਕਵਿਤਾ ਪੇਸ਼ ਕੀਤੀ। ਉਸਤਾਦ ਸ਼ਾਇਰ ਗੁਰਦਰਸ਼ਨ ਸਿੰਘ ਬਾਦਲ ਅਤੇ ਦੇਵਿੰਦਰ ਕੌਰ ਜੌਹਲ ਨੇ ਆਪਣੀਆਂ ਰਚਨਾਵਾਂ ਨਾਲ ਕਵੀ ਦਰਬਾਰ ਵਿੱਚ ਗੰਭੀਰਤਾ ਭਰੀ। ਪੱਤਰਕਾਰ ਕੁਲਵੰਤ ਸਰੋਤਾ ਨੇ ਆਪਣੀ ਕਵਿਤਾ ਅਤੇ ਜਗਸੀਰ ਜੀਦਾ ਦੇ ਲਿਖੇ ਮਾਡਰਨ ਟੱਪੇ ਪੇਸ਼ ਕੀਤੇ ਅਤੇ ਪਵਿੱਤਰ ਕੌਰ ਬਰਾੜ ਨੇ ਆਲਮ ਲੁਹਾਰ ਦਾ ਮਸ਼ਹੂਰ ਗੀਤ 'ਵਾਜਾਂ ਮਾਰੀਆਂ' ਗਾ ਕੇ ਸਰੋਤਿਆਂ ਦੀ ਭਰਪੂਰ ਦਾਦ ਖੱਟੀ। ਇਸ ਤੋਂ ਇਲਾਵਾ ਵੀਤ ਬਾਦਸ਼ਾਹਪੁਰੀ ਅਤੇ ਸੁਖਪ੍ਰੀਤ ਦੌਲਤ ਨੇ ਵੀ ਆਪਣੀਆਂ ਕਵਿਤਾਵਾਂ ਰਾਹੀਂ ਰੰਗ ਬੰਨ੍ਹਿਆਂ। ਵਿਸ਼ੇਸ਼ ਮਹਿਮਾਨ ਹਰਦਮ ਸਿੰਘ ਮਾਨ ਨੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਅਜਿਹੇ ਸਮਾਗਮਾਂ ਨੂੰ ਮਾਂ-ਬੋਲੀ ਪੰਜਾਬੀ ਲਈ ਜ਼ਰੂਰੀ ਦੱਸਿਆ ਅਤੇ ਆਪਣੀ ਇੱਕ ਮਕਬੂਲ ਗ਼ਜ਼ਲ ਵੀ ਸਰੋਤਿਆਂ ਦੇ ਰੂਬਰੂ ਕੀਤੀ। ਮੰਚ ਸੰਚਾਲਕ ਮਨਜੀਤ ਸਿੰਘ ਮੱਲਾ ਨੇ ਵੀ ਹਰਦਮ ਸਿੰਘ ਮਾਨ ਦੀ ਇੱਕ ਗ਼ਜ਼ਲ ਸੁਣਾ ਕੇ ਉਨ੍ਹਾਂ ਨੂੰ ਸਤਿਕਾਰ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਰਾਜਿੰਦਰ ਸਿੰਘ ਮੁਕਤਸਰ, ਨਛੱਤਰ ਸਿੰਘ ਅਬੋਹਰ ਅਤੇ ਜਗਜੀਤ ਸਿੰਘ ਧਾਲੀਵਾਲ ਮਾਛੀਕੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅਖ਼ੀਰ ਵਿੱਚ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸਮੂਹ ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਫ਼ਲਤਾ 'ਤੇ ਖ਼ੁਸ਼ੀ ਪ੍ਰਗਟਾਈ।

ANSATEL COMMUNICATIONS

Helping Lower Mainland Businesses Since 1983

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Panasonic
ideas for life



Helping Lower Mainland Businesses Since 1983

*Customized Solutions to Suit Your Needs.*

**604-872-6500**

2148 Kingsway, Vancouver | www.ansatel.com - info@ansatel.com

24/7 SALES & SERVICE

# ਭਾਈ ਰਾਜੋਆਣਾ ਨੇ ਜਥੇਦਾਰ ਗੜਗੱਜ ਨੂੰ ਲਿਖਿਆ ਪੱਤਰ

ਅੰਮ੍ਰਿਤਸਰ: ਕੇਂਦਰੀ ਜੇਲ੍ਹ ਪਟਿਆਲਾ ਦੀ ਕੋਠੀ ਨੰਬਰ 16 ਵਿਖੇ ਲੰਬੇ ਅਰਸੇ ਤੋਂ ਫਾਂਸੀ ਦੀ ਕੋਠੜੀ ਵਿਚ ਨਜ਼ਰਬੰਦ, ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਲਿਖ ਕੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ 14 ਵਰ੍ਹਿਆਂ ਤੋਂ ਦਾਇਰ ਕੀਤੀ ਪਟੀਸ਼ਨ ਨੂੰ 10 ਦਿਨਾਂ ਦੇ ਅੰਦਰ ਵਾਪਸ ਲੈਣ ਲਈ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਹੈ । ਜਥੇਦਾਰ ਗੜਗੱਜ ਨੂੰ ਬੀਤੀ 27 ਮਾਰਚ ਨੂੰ ਲਿਖੇ ਪੰਜ ਸਫਿਆਂ ਦੇ ਵਿਸਥਾਰਤ ਪੱਤਰ ਵਿਚ ਭਾਈ ਰਾਜੋਆਣਾ ਨੇ ਕਿਹਾ ਕਿ 14 ਸਾਲ ਪਹਿਲਾਂ ਸਾਲ 2012 ਵਿਚ ਅਕਾਲ ਤਖ਼ਤ ਸਾਹਿਬ ਦੀ ਹਦਾਇਤ 'ਤੇ ਹੀ ਸ਼੍ਰੋਮਣੀ ਕਮੇਟੀ ਵਲੋਂ ਉਕਤ ਸਜ਼ਾ ਤਬਦੀਲੀ ਲਈ ਰਾਸ਼ਟਰਪਤੀ ਕੋਲ ਅਪੀਲ ਦਾਇਰ ਕੀਤੀ ਗਈ ਸੀ । ਉਨ੍ਹਾਂ ਪੱਤਰ ਵਿਚ ਲਿਖਿਆ ਕਿ ਮੈਨੂੰ ਜੇਲ੍ਹ ਵਿਚ 31ਵਾਂ ਸਾਲ ਚੱਲ ਰਿਹਾ ਹੈ ਤੇ ਮੈਂ ਪਿਛਲੇ ਤਕਰੀਬਨ 19 ਸਾਲਾਂ ਤੋਂ ਫਾਂਸੀ ਦੀ ਚੱਕੀ ਵਿਚ ਬੈਠਾ ਆਪਣੇ ਹੋਣ ਵਾਲੇ ਫ਼ੈਸਲੇ ਦਾ ਇੰਤਜ਼ਾਰ ਕਰ ਰਿਹਾ ਹਾਂ । ਉਨ੍ਹਾਂ ਕਿਹਾ ਕਿ 25 ਮਾਰਚ 2022 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਸ਼੍ਰੋਮਣੀ ਕਮੇਟੀ ਵਲੋਂ ਮੇਰੀ ਫਾਂਸੀ ਦੀ ਸਜ਼ਾ



ਨੂੰ ਉਮਰ ਕੈਦ ਵਿਚ ਬਦਲਾਉਣ ਲਈ ਦੇਸ਼ ਦੇ ਰਾਸ਼ਟਰਪਤੀ ਕੋਲ ਪਾਈ ਹੋਈ ਅਪੀਲ ਨੂੰ ਕੇਂਦਰੀ ਗ੍ਰਿ ਮੰਤਰਾਲੇ ਕੋਲ ਵਿਚਾਰ ਅਧੀਨ ਪਈ ਹੋਈ ਨੂੰ 15ਵਾਂ ਸਾਲ ਸ਼ੁਰੂ ਹੋ ਗਿਆ ਹੈ । ਉਨ੍ਹਾਂ ਦੋਸ਼ ਲਾਇਆ ਕਿ ਰਾਸ਼ਟਰਪਤੀ ਕੋਲ ਪਾਈ ਹੋਈ ਕਿਸੇ ਵੀ ਅਪੀਲ 'ਤੇ ਛੇ ਮਹੀਨੇ ਤੋਂ ਲੈ ਕੇ ਵੱਧ ਤੋਂ ਵੱਧ ਦੋ ਸਾਲਾਂ ਵਿਚ ਫ਼ੈਸਲਾ ਹੋ ਜਾਂਦਾ ਹੈ ਪਰ ਅਫਸੋਸ ਕਿ ਇਸ ਅਪੀਲ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਜਾਣਬੁੱਝ ਕੇ ਕਿਸੇ ਸਾਜਿਸ਼ ਅਤੇ ਵੋਟ ਰਾਜਨੀਤੀ ਨੂੰ ਮੁੱਖ ਰੱਖ ਕੇ ਫ਼ੈਸਲਾ ਨਹੀਂ ਕੀਤਾ ਜਾ ਰਿਹਾ । ਉਨ੍ਹਾਂ ਕਿਹਾ ਕਿ ਇਸ ਤੋਂ ਵੀ ਵੱਡੀ ਅਫਸੋਸ ਦੀ ਗੱਲ ਇਹ ਹੈ ਕਿ ਦੇਸ਼ ਦੀ ਸੁਪਰੀਮ ਕੋਰਟ ਪਿਛਲੇ ਤਕਰੀਬਨ ਛੇ ਸਾਲਾਂ ਵਿਚ 15 ਦੇ ਕਰੀਬ ਆਰਡਰ ਕਰਕੇ ਕੇਂਦਰ ਸਰਕਾਰ ਨੂੰ ਇਸ ਅਪੀਲ 'ਤੇ ਫ਼ੈਸਲਾ ਕਰਨ ਲਈ ਕਹਿ ਚੁੱਕੀ ਹੈ ਪਰ ਛੇ ਸਾਲਾਂ ਤੋਂ ਨਾ ਤਾਂ ਸੁਪਰੀਮ ਕੋਰਟ ਕੇਂਦਰ ਸਰਕਾਰ ਤੋਂ ਇਸ ਅਪੀਲ 'ਤੇ ਨਾ ਫ਼ੈਸਲਾ ਹੀ ਕਰਵਾ ਸਕੀ ਹੈ ਤੇ ਨਾ ਹੀ ਆਪਣੇ ਕੀਤੇ ਆਰਡਰ ਲਾਗੂ ਕਰਵਾ ਸਕੀ ਹੈ । ਭਾਈ ਰਾਜੋਆਣਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਦਾਖਲ ਅਪੀਲ ਦੀ ਪੈਰਵਾਈ ਕਰਨ ਲਈ ਅਤੇ ਇਸ 'ਤੇ ਫ਼ੈਸਲਾ ਕਰਵਾਉਣ ਲਈ ਅਕਾਲ ਤਖਤ ਸਾਹਿਬ ਵਲੋਂ ਦਸੰਬਰ 2023 ਨੂੰ ਇਕ ਪੰਜ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੀ ਸ਼ਾਮਿਲ ਸਨ ਪਰ ਅੱਜ ਦੋ ਸਾਲਾਂ ਤੋਂ ਵੱਧ ਸਮਾਂ ਹੋ ਜਾਣ ਦੇ ਬਾਵਜੂਦ ਦੇਸ਼ ਦੇ ਹੁਕਮਰਾਨਾਂ ਨੇ ਉਸ ਕਮੇਟੀ ਨੂੰ ਮਿਲਣ ਲਈ ਸਮਾਂ ਹੀ ਨਹੀਂ ਦਿੱਤਾ, ਜੋ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਾਡੀਆਂ ਮਹਾਨ ਸੰਸਥਾਵਾਂ ਦਾ ਅਪਮਾਨ ਹੈ । ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਖਾਲਸਾ ਸਾਜਨਾ ਦਿਵਸ 'ਤੇ ਅਕਾਲ ਤਖ਼ਤ ਸਾਹਿਬ ਵਲੋਂ ਸ਼੍ਰੋਮਣੀ ਕਮੇਟੀ ਨੂੰ ਇਸ ਅਪੀਲ ਨੂੰ ਵਾਪਸ ਲੈਣ ਲਈ ਆਦੇਸ਼ ਜਾਰੀ ਕੀਤੇ ਜਾਣ ਅਤੇ ਇਸ ਪ੍ਰਕਿਰਿਆ ਨੂੰ 10 ਦਿਨਾਂ ਦੇ ਅੰਦਰ ਪੂਰਾ ਕੀਤਾ ਜਾਵੇ ਅਤੇ ਹੁਕਮਰਾਨਾਂ ਵਲੋਂ ਕੀਤੀ ਜਾ ਰਹੀ ਬੇਇਨਸਾਫੀ 'ਤੇ ਇਤਿਹਾਸ ਦੀ ਮੋਹਰ ਲਗਾਈ ਜਾਵੇ ।

ਅਕਾਲ ਤਖ਼ਤ ਸਕੱਤਰੇਤ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਵਲੋਂ ਪੱਤਰ ਮਿਲਣ ਦੀ ਪੁਸ਼ਟੀ

ਇਸੇ ਦੌਰਾਨ ਸੰਪਰਕ ਕੀਤੇ ਜਾਣ 'ਤੇ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਜਸਕਰਨ ਸਿੰਘ ਨੇ ਦੱਸਿਆ ਕਿ ਭਾਈ ਰਾਜੋਆਣਾ ਦਾ ਉਕਤ ਪੱਤਰ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਬੀਤੇ ਦਿਨੀਂ ਮਿਲਿਆ ਹੈ ਤੇ ਉਨ੍ਹਾਂ ਵਲੋਂ ਆਉਂਦੇ ਦਿਨਾਂ ਵਿਚ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ । ਇਸੇ ਦੌਰਾਨ ਭਾਈ ਰਾਜੋਆਣਾ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਵੀ ਉਕਤ ਪੱਤਰ ਦੀ ਕਾਪੀ ਭੇਜੀ ਗਈ ਹੈ ।

# ਪ੍ਰਿਤਪਾਲ ਸਿੰਘ ਨਾਗੀ ਸਟੈਫੋਰਡਸ਼ਾਇਰ ਦੇ ਪਹਿਲੇ ਸਿੱਖ 'ਹਾਈ ਸ਼ੈਰਿਫ' ਬਣੇ



ਲੰਡਨ: ਇੰਗਲੈਂਡ ਦੇ ਸ਼ਹਿਰ ਸਟੈਫੋਰਡਸ਼ਾਇਰ ਦੇ ਪ੍ਰਿਪਾਲ ਸਿੰਘ ਨਾਗੀ ਨੂੰ ਮਹਾਰਾਜਾ ਚਾਰਲਸ ਵਲੋਂ 'ਹਾਈ ਸ਼ੈਰਿਫ' ਨਿਯੁਕਤ ਕੀਤਾ ਗਿਆ ਹੈ।

ਸਟੈਫੋਰਡਸ਼ਾਇਰ ਦੇ ਹੁਣ ਤੱਕ ਦੇ 1000 ਸਾਲ ਤੋਂ ਵੱਧ ਸਮੇਂ ਵਿਚ ਪਹਿਲਾ ਸਿੱਖ 'ਹਾਈ ਸ਼ੈਰਿਫ਼' ਬਣਿਆ ਹੈ। ਪੰਜਾਬ ਦੇ ਸ਼ਹਿਰ ਬਟਾਲਾ ਦੇ ਨਜ਼ਦੀਕੀ ਕਸਬਾ ਕਾਦੀਆਂ ਦੇ ਜੰਮਪਲ ਪ੍ਰਿਪਾਲ ਸਿੰਘ ਨਾਗੀ 16 ਸਾਲ ਦੀ ਉਮਰ ਵਿਚ ਯੂ.ਕੇ. ਆ ਗਏ ਸਨ। ਪ੍ਰਿਪਾਲ ਸਿੰਘ ਨਾਗੀ ਨੂੰ 2014 ਵਿਚ ਸਟੈਫੋਰਡਸ਼ਾਇਰ ਦਾ ਡਿਪਟੀ ਲੈਫਟੀਨੈਂਟ ਬਣਾਇਆ ਗਿਆ ਸੀ ਅਤੇ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ 2017 ਵਿਚ ਮਹਾਰਾਣੀ ਐਲਿਜ਼ਾਬੈੱਥ ਵਲੋਂ 'ਮੈਂਬਰ ਆਫ਼ ਦ ਆਰਡਰ ਆਫ਼ ਦ ਬ੍ਰਿਸ਼ ਐਂਪਾਇਰ' ਐਮ. ਬੀ. ਈ. ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਮੌਕੇ ਗਿਆਨੀ ਤਜਿੰਦਰ ਸਿੰਘ ਤੇ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ
ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent
IMMIGRATION
SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur
(RCIC)

For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com

CONNECT
INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6




Eligible for
3 Years PGWP

Total Duration:
1.5 - 2 Years

Train On
CESSNA 172

**From PPL to CPL, Your Aviation Career Begins Here**

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

45 Flying Hours
**Private Pilot License**

155 Flying Hours
**Commercial Pilot License**

200 Flying Hours
Graduate with **PPL + CPL Dual Credentials**

WCC

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
SAHEBJIT SINGH RANDHAWA

**For Advertising**
Call 604-312-5678

**Graphic Designer**
Ashu Kashyap

# ਸ਼ਾਂਤੀ ਦੂਤਾਂ ਦੀ ਦੁਨੀਆ 'ਚ ਬੇਦੋਸ਼ਿਆਂ ਸਿਰ ਦੋਸ਼...

ਇਜ਼ਰਾਈਲ ਅਤੇ ਅਮਰੀਕਾ ਵੱਲੋਂ ਇਰਾਨ 'ਤੇ 28 ਫਰਵਰੀ ਨੂੰ ਕੀਤੇ ਗਏ ਹਮਲੇ ਮਗਰੋਂ ਇਸ ਜੰਗ ਨੂੰ ਸ਼ੁਰੂ ਹੋਇਆਂ ਹੁਣ ਇੱਕ ਮਹੀਨਾ ਬੀਤ ਗਿਆ ਹੈ। ਹਰ ਰੋਜ਼ ਤੁਸੀਂ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਤਬਾਹੀ ਦੇ ਮੰਜ਼ਰ ਦੀਆਂ ਤਸਵੀਰਾਂ ਦੇਖ ਰਹੇ ਹੋ। ਭਾਵੇਂ ਇਹ ਅਮਰੀਕਾ-ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲੇ ਦੌਰਾਨ ਤਬਾਹੀ ਦੇ ਮੰਜ਼ਰ ਹੋਣ ਜਾਂ ਇਰਾਨ ਵੱਲੋਂ ਇਜ਼ਰਾਈਲ ਜਾਂ ਖਾੜੀ ਦੇਸ਼ਾਂ ਵਿੱਚ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ। ਸ਼ਨਿੱਚਰਵਾਰ ਨੂੰ ਇਰਾਨ ਨੇ ਇਜ਼ਰਾਈਲ ਤੇ ਖਾੜੀ ਮੁਲਕਾਂ ਖ਼ਿਲਾਫ਼ ਜੰਗ ਜਾਰੀ ਰੱਖਦਿਆਂ ਸਾਊਦੀ ਅਰਬ ਸਥਿਤ ਅਮਰੀਕਾ ਦੇ ਦੋ ਫ਼ੌਜੀ ਅੱਡਿਆਂ 'ਤੇ ਮਿਜ਼ਾਈਲ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ ਦਸ ਅਮਰੀਕੀ ਜਵਾਨ ਜ਼ਖ਼ਮੀ ਹੋ ਗਏ, ਜਿਨ੍ਹਾਂ 'ਚੋਂ ਦੋ ਦੀ ਹਾਲਤ ਗੰਭੀਰ ਹੈ। ਇਰਾਨੀ ਫ਼ੌਜ ਦੇ ਤਰਜਮਾਨ ਦਾ ਕਹਿਣਾ ਹੈ ਕਿ ਇਰਾਨ ਨੇ ਇਹ ਹਮਲਾ ਬੀਤੇ ਦਿਨ ਉਸ ਦੇ ਪ੍ਰਮਾਣੂ ਟਿਕਾਣਿਆਂ 'ਤੇ ਇਜ਼ਰਾਈਲੀ ਹਮਲੇ ਦੇ ਜਵਾਬ ਵਜੋਂ ਕੀਤਾ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ ਪ੍ਰਿੰਸ ਸੁਲਤਾਨ ਏਅਰਬੇਸ 'ਤੇ ਹੋਏ ਹਮਲੇ ਵਿੱਚ ਅਮਰੀਕਾ ਦੇ ਈਂਧਣ ਭਰਨ ਵਾਲੇ ਕਈ ਜਹਾਜ਼ ਨੁਕਸਾਨੇ ਗਏ ਹਨ। ਹਾਲਾਂਕਿ, ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ-ਬਿਨ-ਸਲਮਾਨ ਨੇ ਪਹਿਲਾਂ ਕਿਹਾ ਸੀ ਕਿ ਉਹ ਅਮਰੀਕੀ ਜੰਗ ਦਾ ਹਿੱਸਾ ਨਹੀਂ ਤੇ ਨਾ ਹੀ ਉਨ੍ਹਾਂ ਦਾ ਇਸ ਜੰਗ ਨਾਲ ਕੋਈ ਲੈਣਾ-ਦੇਣਾ ਹੈ। ਫਿਰ ਵੀ ਅਮਰੀਕੀ ਜਹਾਜ਼ ਇਸ ਏਅਰਬੇਸ 'ਤੇ ਉਤਰ ਰਹੇ ਸਨ।

ਇਸ ਜੰਗ ਨੂੰ ਜ਼ਿਆਦਾ ਕਰ ਕੇ ਸਿਰਫ਼ ਪੱਛਮੀ ਏਸ਼ੀਆ ਦੀ ਜੰਗ ਵਜੋਂ ਹੀ ਪੇਸ਼ ਕੀਤਾ ਜਾ ਰਿਹਾ ਹੈ ਪਰ ਜਾਪਦੈ ਕਿ ਇਸ ਦੇ ਨਾਂਹ-ਪੱਖੀ ਅਸਰ ਉਸ ਖਿੱਤੇ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਦੁਨੀਆ ਭਰ ਦੀ ਸਿਆਸਤ ਤੇ ਅਰਥਚਾਰੇ 'ਤੇ ਵੀ ਪੈ ਰਹੇ ਹਨ। ਜੇਕਰ ਹੋਰਮੁਜ਼ ਜਲਡਮਰੂ ਰਾਹੀਂ ਤੇਲ ਦੀ ਸਪਲਾਈ ਵਿੱਚ ਵਿਘਨ ਜਾਰੀ ਰਹਿੰਦਾ ਹੈ ਤਾਂ ਦੁਨੀਆ ਵਿੱਚ ਤੇਲ ਦਾ ਸੰਕਟ ਗਹਿਰਾ ਹੋ ਜਾਵੇਗਾ। ਸ਼ੁਰੂ ਵਿੱਚ ਜਾਪਦਾ ਸੀ ਕਿ ਇਹ ਜੰਗ ਕੁਝ ਦੇਰ ਹੀ ਚੱਲੇਗੀ, ਪਰ ਇੱਕ ਮਹੀਨਾ ਬੀਤ ਜਾਣ ਮਗਰੋਂ ਵੀ ਨਿੱਤ ਦਿਨ ਇਸ ਦਾ ਹੋਰ ਵੀ ਖ਼ੌਫ਼ਨਾਕ ਚਿਹਰਾ ਸਾਹਮਣੇ ਆ ਰਿਹਾ ਹੈ। ਅਮਰੀਕਾ ਦੀ ਉਮੀਦ ਤੋਂ ਉਲਟ ਇਰਾਨ ਵੱਲੋਂ ਝੁਕਣ ਤੋਂ ਇਨਕਾਰ ਕਰਨ ਅਤੇ ਆਪਣੀ ਚੋਟੀ ਦੀ ਲੀਡਰਸ਼ਿਪ ਦੇ ਖ਼ਾਤਮੇ ਮਗਰੋਂ ਇਸ ਜੰਗ ਲਈ ਕੋਈ ਵੀ ਕੀਮਤ ਤਾਰਨ ਲਈ ਤਿਆਰ ਰਹਿਣ ਤੇ ਹਮਲਾਵਰ ਰੁਖ਼ ਕਾਰਨ ਇਹ ਜੰਗ ਲੰਮੀ ਚੱਲਣ ਦੇ ਆਸਾਰ ਹਨ।

ਪਿਛਲੇ ਸਮੇਂ ਦੌਰਾਨ ਹੋਈਆਂ ਜੰਗਾਂ 'ਤੇ ਨਿਗਾਹ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਬੇਵਜ੍ਹਾ ਅਤੇ



ਬੇਲਗਾਮ ਸਨ ਜਾਂ ਫਿਰ ਇਨ੍ਹਾਂ ਦੇ ਅਸਲ ਕਾਰਨ ਕਦੇ ਸਾਹਮਣੇ ਹੀ ਨਹੀਂ ਆਏ। ਬਹੁਤੀਆਂ ਜੰਗਾਂ ਤਾਂ ਸਿਰਫ਼ ਕੁਝ ਮੁਲਕਾਂ ਦੇ ਸ਼ਾਸਕਾਂ ਦੀ ਜ਼ਿੱਦ ਜਾਂ ਨਿੱਜੀ ਏਜੰਡਿਆਂ ਕਾਰਨ ਲੜੀਆਂ ਗਈਆਂ। ਇਸ ਜੰਗ 'ਚ ਸ਼ਾਮਿਲ ਮੁਲਕਾਂ ਦੀ ਭੂਮਿਕਾ ਨੂੰ ਖ਼ਾਸ ਨਜ਼ਰੀਏ ਤੋਂ ਦੇਖਦਿਆਂ ਸਮਝ ਪੈਂਦਾ ਹੈ ਕਿ ਇਨ੍ਹਾਂ ਮੁਲਕਾਂ ਦੇ ਨੇਤਾ ਆਪਣੀ ਘਟ ਰਹੀ ਮਕਬੂਲੀਅਤ ਨੂੰ ਠੱਲ੍ਹਣ ਜਾਂ ਵਧਾਉਣ ਦੇ ਉਦੇਸ਼ ਨਾਲ ਜੰਗ ਦਾ ਮੈਦਾਨ ਭਖ਼ਦਾ ਰੱਖਣਾ ਚਾਹੁੰਦੇ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਾਖ ਇਸ ਵੇਲੇ ਕਾਫ਼ੀ ਡਿੱਗੀ ਹੋਈ ਹੈ। ਇਨ੍ਹਾਂ ਨੇ ਫਰਵਰੀ ਦੇ ਆਖ਼ਰੀ ਦਿਨ ਇਰਾਨ 'ਤੇ ਇਹ ਇਲਜ਼ਾਮ ਲਾਉਂਦਿਆਂ ਹਮਲਾ ਕਰ ਦਿੱਤਾ ਕਿ ਇਰਾਨ ਦਾ ਨਿਊਕਲੀਅਰ ਅਤੇ ਮਿਜ਼ਾਈਲ ਪ੍ਰੋਗਰਾਮ ਅਮਰੀਕਾ ਅਤੇ ਇਸ ਦੇ ਸਹਿਯੋਗੀ ਮੁਲਕਾਂ ਲਈ ਖ਼ਤਰਾ ਬਣ ਸਕਦਾ ਹੈ।

ਇਸ ਦੇ ਬਾਵਜੂਦ ਪ੍ਰਮਾਣੂ ਅਤੇ ਫ਼ੌਜੀ ਟਿਕਾਣਿਆਂ ਦੇ ਨਾਲ-ਨਾਲ ਇਰਾਨ ਵਿੱਚ ਰਿਹਾਇਸ਼ੀ ਇਲਾਕਿਆਂ 'ਤੇ ਵੀ ਹਮਲੇ ਕੀਤੇ ਗਏ। ਇਸ ਵਿੱਚ ਇੱਕ ਸਕੂਲ 'ਤੇ ਕੀਤਾ ਗਿਆ ਹਮਲਾ ਵੀ ਸ਼ਾਮਿਲ ਹੈ, ਜਿਸ ਵਿੱਚ 165 ਬੱਚੀਆਂ ਮਾਰੀਆਂ ਗਈਆਂ ਸਨ। ਉੱਥੋਂ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੇਈ ਸਮੇਤ ਮੂਹਰਲੀ ਕਤਾਰ ਦੇ ਸਿਰਕੱਢ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਬਾਵਜੂਦ ਇਰਾਨ ਕਿਸੇ ਕਿਸਮ ਦੇ ਸਮਝੌਤੇ ਜਾਂ ਗੱਲਬਾਤ ਲਈ ਤਿਆਰ ਨਹੀਂ। ਦਲੀਲ ਹੈ ਕਿ ਜਿਸ ਵੇਲੇ ਇਰਾਨ ਨਾਲ ਇਸ ਖਿੱਤੇ ਵਿੱਚ ਅਮਨ ਬਹਾਲੀ ਵਾਸਤੇ ਜਨੇਵਾ ਵਿੱਚ ਗੱਲਬਾਤ ਜਾਰੀ ਸੀ ਅਤੇ ਉਹ ਗੱਲਬਾਤ ਦੌਰਾਨ ਅਮਨ-ਸ਼ਾਂਤੀ ਦੀ ਦਿਸ਼ਾ 'ਚ ਅੱਗੇ ਵਧਣ ਲਈ ਸ਼ਰਤਾਂ ਮੰਨਣ ਲਈ ਸਹਿਮਤ ਸੀ, ਉਸੇ ਵੇਲੇ ਪਤਾ ਨਹੀਂ ਕਿਹੜੇ ਕਾਰਨਾਂ ਅਤੇ ਮਜਬੂਰੀਆਂ ਵੱਸ ਇਸ 'ਤੇ ਹਮਲਾ ਕਰ ਦਿੱਤਾ ਗਿਆ। ਉਸ ਵੇਲੇ 26 ਫਰਵਰੀ (ਦਿਨ ਵੀਰਵਾਰ) ਨੂੰ ਦੂਜੇ ਦੌਰ ਦੀ ਗੱਲਬਾਤ ਸਮਾਪਤ ਹੋਈ ਅਤੇ ਉਸ ਮਗਰੋਂ ਸੋਮਵਾਰ ਨੂੰ ਤੀਜੇ ਦੌਰ ਦੀ ਗੱਲਬਾਤ ਹੋਣੀ ਸੀ, ਪਰ ਇਸ ਤੋਂ ਪਹਿਲਾਂ ਹੀ 28 ਫਰਵਰੀ ਨੂੰ ਇਰਾਨ 'ਤੇ ਹਮਲਾ ਕਰ ਦਿੱਤਾ ਗਿਆ। ਇਹ ਇੱਕ ਤਰ੍ਹਾਂ ਨਾਲ ਗੱਲਬਾਤ ਦੇ ਓਹਲੇ ਧੋਖੇ ਨਾਲ ਕੀਤਾ ਗਿਆ ਹਮਲਾ ਸੀ।

ਇਰਾਨ ਦੀ ਭੂਗੋਲਿਕ ਸਥਿਤੀ ਕਾਰਨ ਹੋਰਮੁਜ਼ ਜਲਡਮਰੂ 'ਤੇ ਇਸ ਦੇ ਕੰਟਰੋਲ ਕਰਕੇ ਦੁਨੀਆ ਭਰ ਦੇ ਕੱਚੇ ਤੇਲ ਅਤੇ ਤੇਲ ਉਤਪਾਦਾਂ ਦੀ ਤਕਰੀਬਨ 20 ਫ਼ੀਸਦੀ ਸਪਲਾਈ ਇੱਥੋਂ ਹੋਣ ਕਾਰਨ ਇਸ ਦਾ ਅਸਰ ਸਿਰਫ਼ ਜੰਗ ਲੜ ਰਹੇ ਦੇਸ਼ਾਂ 'ਤੇ ਹੀ ਨਹੀਂ ਸਗੋਂ ਦੁਨੀਆ ਭਰ ਦੇ ਅਰਥਚਾਰਿਆਂ 'ਤੇ ਪੈ ਰਿਹਾ ਹੈ। ਇਰਾਨ ਹੋਰਮੁਜ਼ ਜਲਡਮਰੂ ਨੂੰ ਆਪਣੇ ਰਣਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ ਅਤੇ ਉਸ ਨੇ ਇਸ ਖੇਤਰ ਵਿੱਚ ਸਮੁੰਦਰ 'ਚ ਬਾਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਹਨ। ਜੇਕਰ ਉਨ੍ਹਾਂ ਬਾਰੂਦੀ ਸੁਰੰਗਾਂ ਨੂੰ ਇਸ ਖੇਤਰ ਵਿੱਚੋਂ ਹਟਾਉਣਾ ਹੈ ਤਾਂ ਆਪਣੇ ਵੱਡੀ ਗਿਣਤੀ ਸੈਨਿਕਾਂ ਦੀ ਬਲੀ ਦੇਣੀ ਪਵੇਗੀ। ਸ਼ਾਇਦ ਜੰਗ ਛੇੜਨ ਵਾਲੇ ਮੁਲਕਾਂ ਨੂੰ ਭਰੋਸਾ ਸੀ ਕਿ ਜਿਉਂ ਹੀ ਉਹ ਇਰਾਨ ਦੀ ਪਹਿਲੀ ਕਤਾਰ ਦੀ ਲੀਡਰਸ਼ਿਪ ਦਾ ਸਫ਼ਾਇਆ ਕਰਨਗੇ ਤਾਂ ਲੋਕਾਂ ਦੇ ਰੋਹ ਦੇ ਬਲ 'ਤੇ ਉੱਥੇ ਸੱਤਾ ਤਬਦੀਲੀ ਕਰਨ ਦੇ ਯਤਨਾਂ ਵਿੱਚ ਕਾਮਯਾਬ ਹੋ ਜਾਣਗੇ, ਪਰ ਅਜਿਹਾ ਹੋਇਆ ਨਹੀਂ। ਮਾਹਿਰਾਂ ਦਾ ਅਨੁਮਾਨ ਹੈ ਕਿ ਪਿਛਲੇ ਸਾਲ ਜੂਨ ਵਿੱਚ ਜਦੋਂ ਅਮਰੀਕਾ ਨੇ ਇਰਾਨ ਦੇ ਫੋਰਡੋ, ਨੇਤਾਂਜ਼ ਅਤੇ ਇਸਫਹਾਨ ਵਿਚਲੇ ਪ੍ਰਮਾਣੂ ਟਿਕਾਣਿਆਂ 'ਤੇ ਬੰਕਰ ਬਸਟਰ ਬੰਬ ਸੁੱਟੇ ਸਨ ਤਾਂ ਉਦੋਂ ਟਕਰਾਅ ਕੁਝ ਦਿਨਾਂ ਬਾਅਦ ਟਲ ਗਿਆ ਸੀ। ਇਰਾਨ ਉਦੋਂ ਤੋਂ ਹੀ ਸਮਝ ਗਿਆ ਸੀ ਕਿ ਇੱਕ ਦਿਨ ਇਹ ਸਥਿਤੀ ਫਿਰ ਉਸ ਦੇ ਸਾਹਮਣੇ ਆਵੇਗੀ ਅਤੇ ਇਸ ਲਈ ਉਹ ਖ਼ਾਮੋਸ਼ੀ ਨਾਲ ਲਗਾਤਾਰ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੂਰੋ ਅਤੇ ਉਸ ਦੀ ਪਤਨੀ ਨੂੰ ਰਾਤੋ-ਰਾਤ ਹੈਲੀਕਾਪਟਰ ਰਾਹੀਂ ਚੁੱਕ ਕੇ ਅਮਰੀਕਾ ਲਿਆਉਣ ਅਤੇ ਉੱਥੇ ਸੱਤਾ ਤਬਦੀਲੀ ਕਰਨ ਮਗਰੋਂ ਇਹ ਦਾਅਵਾ ਕਰਦਿਆਂ ਟਰੰਪ ਦੇ ਹੌਸਲੇ ਬਹੁਤ ਬੁਲੰਦ ਸਨ ਕਿ ਵੈਨੇਜ਼ੁਏਲਾ ਦੇ ਤੇਲ ਖੂਹ ਹੁਣ ਅਮਰੀਕੀ ਕੰਪਨੀਆਂ ਚਲਾਉਣਗੀਆਂ। ਟਰੰਪ ਨੇ ਇਰਾਨ 'ਤੇ ਹਮਲਾ ਵੀ ਅਮਰੀਕੀ ਕਾਂਗਰਸ ਦੀ ਪ੍ਰਵਾਨਗੀ ਤੋਂ ਬਗ਼ੈਰ ਕੀਤਾ।

ਸ਼ਾਇਦ ਟਰੰਪ ਤੇ ਉਸ ਦੇ ਜੋਟੀਦਾਰ ਇਜ਼ਰਾਈਲੀ ਰਾਸ਼ਟਰਪਤੀ ਨੇਤਨਯਾਹੂ ਨੂੰ ਲੱਗਦਾ ਸੀ ਕਿ ਉਹ ਇਰਾਨ ਵਾਲਾ ਮਾਮਲਾ ਵੀ ਕੁਝ ਦਿਨਾਂ 'ਚ ਹੀ ਨਿਪਟਾ ਲੈਣਗੇ। ਟਰੰਪ ਨੂੰ ਤਾਂ ਵੈਨੇਜ਼ੁਏਲਾ ਦੇ ਘਟਨਾਕ੍ਰਮ ਮਗਰੋਂ ਹੱਦੋਂ ਜ਼ਿਆਦਾ ਸਵੈ-ਭਰੋਸਾ ਸੀ ਅਤੇ ਉਸ ਦਾ ਕਹਿਣਾ ਸੀ ਕਿ ਇਰਾਨ ਦੇ ਤੇਲ 'ਤੇ ਵੀ ਹੁਣ ਅਮਰੀਕਾ ਦਾ ਕਬਜ਼ਾ ਹੋਵੇਗਾ। ਪਰ ਹਕੀਕੀ ਸਥਿਤੀਆਂ ਸਾਹਮਣੇ ਆਉਣ 'ਤੇ ਉਸ ਨੇ ਕਈ ਦੇਸ਼ਾਂ ਨੂੰ ਇਸ ਜੰਗ 'ਚ ਸਾਥ ਦੇਣ ਦਾ ਸੱਦਾ ਦਿੱਤਾ, ਪਰ ਬੇਗਾਨੀ ਜੰਗ ਅਤੇ ਹਿੱਤਾਂ ਤੇ ਏਜੰਡਿਆਂ ਖ਼ਾਤਰ ਕਿਹੜਾ ਦੇਸ਼ ਆਪਣੇ ਸੈਨਿਕ ਅਤੇ ਸਾਜ਼ੋ-ਸਾਮਾਨ ਜੰਗ ਦੀ ਭੱਠੀ 'ਚ ਝੋਕਦਾ ਹੈ? ਅਮਰੀਕੀ ਭਾਈਵਾਲ ਖਾੜੀ ਦੇਸ਼ ਅੱਗੇ ਹੀ ਇਸ ਜੰਗ ਦੇ ਸਿੱਟੇ ਵਜੋਂ ਇਰਾਨ ਦੇ ਵਾਰ ਝੱਲ ਰਹੇ ਹਨ। ਹਾਲਾਂਕਿ, ਇਰਾਨ ਦਾ ਸਪੱਸ਼ਟ ਕਹਿਣਾ ਹੈ ਕਿ ਉਸ ਦਾ ਮਕਸਦ ਉਨ੍ਹਾਂ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਿਰਫ਼ ਅਮਰੀਕੀ ਟਿਕਾਣੇ ਹੀ ਉਸ ਦੇ ਨਿਸ਼ਾਨੇ 'ਤੇ ਹਨ।

ਇਰਾਨੀ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਚੋਟੀ ਦੀ ਲੀਡਰਸ਼ਿਪ ਖ਼ਤਮ ਕੀਤੇ ਜਾਣ ਦੇ ਬਾਵਜੂਦ ਜੇਕਰ ਇਰਾਨ ਇਸ ਜੰਗ ਵਿੱਚ ਟਿਕਿਆ ਹੋਇਆ ਹੈ ਅਤੇ ਸਾਰੇ ਹੱਲਿਆਂ ਦਾ ਅੱਗੋਂ ਓਨੇ ਹੀ ਹਮਲਾਵਰ ਰੁਖ਼ ਨਾਲ ਜਵਾਬ ਦੇ ਰਿਹਾ ਹੈ ਤਾਂ ਉਸ ਦਾ ਕਾਰਨ ਇਹ ਹੈ ਕਿ ਇਰਾਨੀ ਲੀਡਰਸ਼ਿਪ ਨੇ ਤਿਆਰੀ ਵਜੋਂ ਪਹਿਲਾਂ ਹੀ ਜੰਗ ਦਾ ਖਾਕਾ ਤਿਆਰ ਕੀਤਾ ਹੋਇਆ ਸੀ ਕਿ ਜੇਕਰ ਚੋਟੀ ਦੀ ਲੀਡਰਸ਼ਿਪ ਨਾ ਰਹੀ ਤਾਂ ਫਿਰ ਕੀ ਰਣਨੀਤੀ ਅਪਣਾਈ ਜਾਵੇਗੀ। ਇਰਾਨ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਜੋ ਫ਼ੌਜੀ ਲੀਡਰਸ਼ਿਪ ਦਾ ਸੰਚਾਰ ਹੈ, ਉਹ ਬਿਲਕੁਲ ਰਵਾਇਤੀ ਅੰਦਾਜ਼ ਵਿੱਚ ਸਿਰਫ਼ 'ਮੈਨ ਟੂ ਮੈਨ' ਹੋ ਰਿਹਾ ਹੈ ਅਤੇ ਸੰਚਾਰ ਲਈ ਕਿਸੇ ਕਿਸਮ ਦੇ ਤਕਨੀਕੀ ਉਪਕਰਨ ਨਹੀਂ ਵਰਤੇ ਜਾ ਰਹੇ, ਇੱਥੋਂ ਤੱਕ ਕਿ ਕਿਸੇ ਕਿਸਮ ਦੀ ਘੜੀ, ਅੰਗੂਠੀ ਜਾਂ ਕੁਝ ਵੀ ਹੋਰ।

ਇਸੇ ਸ਼ੁੱਕਰਵਾਰ ਨੂੰ ਜੀ-7 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਪੱਛਮੀ ਏਸ਼ੀਆ ਅਤੇ ਯੂਕਰੇਨ ਵਿਚਲੇ ਤਣਾਅ ਤੇ ਟਕਰਾਅ ਦੀ ਸਥਿਤੀ ਬਾਰੇ ਵਿਚਾਰ-ਵਟਾਂਦਰੇ ਲਈ ਫਰਾਂਸ ਵਿੱਚ ਮੀਟਿੰਗ ਹੋਈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਖ਼ਿਲਾਫ਼ ਜੰਗ ਵਿੱਚ ਨਾਟੋ ਸਹਿਯੋਗੀਆਂ ਦੇ ਅਮਰੀਕਾ ਦੀ ਪਿੱਠ 'ਤੇ ਨਾ ਆਉਣ ਲਈ ਆਲੋਚਨਾ ਕੀਤੀ ਸੀ। ਇਸ ਤੋਂ ਇੱਕ ਦਿਨ ਬਾਅਦ ਹੀ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ। ਅਮਰੀਕਾ ਦੇ ਕਈ ਸਹਿਯੋਗੀਆਂ ਨੇ ਜੰਗ ਬਾਰੇ ਕਈ ਤਰ੍ਹਾਂ ਦੇ ਖ਼ਦਸ਼ੇ ਪ੍ਰਗਟਾਉਂਦਿਆਂ ਕੂਟਨੀਤਕ ਯਤਨਾਂ 'ਤੇ ਜ਼ੋਰ ਦਿੱਤਾ। ਉੱਧਰ ਫਰਾਂਸ ਦੇ ਹਥਿਆਰਬੰਦ ਬਲਾਂ ਬਾਰੇ ਮੰਤਰੀ ਕੈਥਰੀਨ ਵੌਟਰਿਨ ਦਾ ਸਪੱਸ਼ਟ ਕਹਿਣਾ ਹੈ ਕਿ ਇਹ 'ਜੰਗ ਉਨ੍ਹਾਂ ਦੀ ਨਹੀਂ ਹੈ'।

ਇਸੇ ਦੌਰਾਨ ਯੂਨਾਈਟਿਡ ਨੇਸ਼ਨਜ਼ ਦੀ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ (ਹਿਊਮਨ ਰਾਈਟਸ ਕੌਂਸਲ) ਦੇ 61ਵੇਂ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਗਚੀ ਨੇ ਕਿਹਾ ਹੈ ਕਿ ਇਰਾਨ 'ਤੇ 28 ਫਰਵਰੀ ਨੂੰ ਗ਼ੈਰਕਾਨੂੰਨੀ ਜੰਗ ਉਸ ਵੇਲੇ ਥੋਪੀ ਗਈ ਜਦੋਂ ਉਸ ਦੀ ਵਾਸ਼ਿੰਗਟਨ ਨਾਲ ਕੂਟਨੀਤਕ ਵਾਰਤਾ ਚੱਲ ਰਹੀ ਸੀ। ਦੱਖਣੀ ਇਰਾਨ ਦੇ ਮਿਨਾਬ ਵਿੱਚ ਲੜਕੀਆਂ ਦੇ ਸਕੂਲ 'ਤੇ ਕੀਤਾ ਗਿਆ ਹਮਲਾ ਬਹੁਤ ਸੋਚਿਆ-ਸਮਝਿਆ ਸੀ, ਜਿਸ ਵਿੱਚ ਵਿਦਿਆਰਥਣਾਂ ਅਤੇ ਸਕੂਲ ਦੇ ਅਮਲੇ ਸਣੇ 175 ਵਿਅਕਤੀਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਸਨ।

ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਜੰਗ 'ਚ ਉਲਝੇ ਦੇਸ਼ਾਂ ਵੱਲੋਂ ਕਾਰਵਾਈਆਂ ਅਤੇ ਜਵਾਬੀ ਕਾਰਵਾਈਆਂ ਦਾ ਅਸਲ ਸ਼ਿਕਾਰ ਕੌਣ ਹੁੰਦਾ ਹੈ? ਕੀ ਇਨ੍ਹਾਂ ਦੇਸ਼ਾਂ ਦੇ ਸੈਨਿਕਾਂ ਦੀ ਦੂਜੇ ਦੇਸ਼ ਦੇ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕੋਈ ਦੁਸ਼ਮਣੀ ਹੁੰਦੀ ਹੈ? ਹਰਗਿਜ਼ ਨਹੀਂ...। ਦਰਅਸਲ, ਸੱਤਾ 'ਤੇ ਕਾਬਜ਼ ਚੋਟੀ ਦੇ ਲੀਡਰਾਂ ਦੀ ਤਾਂ ਆਪਣੇ ਹਿੱਤਾਂ ਅਤੇ ਏਜੰਡਿਆਂ ਕਾਰਨ ਇੱਕ-ਦੂਜੇ ਨਾਲ ਦੁਸ਼ਮਣੀ ਹੋ ਸਕਦੀ ਹੈ। ਉਹ ਆਪ ਵੱਡੇ ਤੇ ਸਭ ਤੋਂ ਸੁਰੱਖਿਅਤ ਮਹਿਲਾਂ ਜਾਂ ਭਵਨਾਂ ਵਿੱਚ ਬੈਠ ਕੇ ਫ਼ੌਜੀ ਹਮਲੇ ਦੇ ਫਰਮਾਨ ਜਾਰੀ ਕਰਦੇ ਹਨ ਅਤੇ ਦੇਸ਼ਭਗਤੀ ਦੇ ਨਾਂ 'ਤੇ ਆਪਣੇ ਸੈਨਿਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਦੇ ਹਨ। ਇੱਕ-ਦੂਜੇ ਦੇ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਵੱਸਦੇ ਇਨ੍ਹਾਂ ਸੈਨਿਕਾਂ ਦੀ ਭਲਾ ਆਪਸ 'ਚ ਕੀ ਦੁਸ਼ਮਣੀ, ਜਿਸ ਨੂੰ ਨਿਭਾਉਣ ਖ਼ਾਤਰ ਉਹ ਆਪਣੀ ਮਾਂ ਦੀ ਝੋਲੀ ਸੁੰਨੀ ਕਰ ਜਾਂਦੇ ਨੇ ਜਾਂ ਫਿਰ ਕਿਸੇ ਦੂਜੇ ਦੀ ਮਾਂ ਦੀ ਗੋਦ ਖਾਲੀ ਕਰ ਦਿੰਦੇ ਨੇ। ਇਨ੍ਹਾਂ ਜੰਗਾਂ ਦੀ ਕੀਮਤ ਮਾਵਾਂ, ਪਤਨੀਆਂ ਤੇ ਧੀਆਂ-ਭੈਣਾਂ ਬਾਕੀ ਬਚੀ ਸਾਰੀ ਉਮਰ ਤਾਰਦੀਆਂ ਨੇ; ਜੰਗਾਂ ਲਾਉਣ ਵਾਲੇ ਲੀਡਰ ਨਹੀਂ।

ਇਹ ਕਿਹੋ ਜਿਹੀ ਦੁਨੀਆ ਹੈ ਜਿੱਥੇ ਮਹਾਨ ਸ਼ਾਂਤੀ ਦੂਤ ਵਜੋਂ ਵਿਰਾਸਤ ਬਣਾਉਣ ਦੇ ਖ਼ਾਹਿਸ਼ਮੰਦ ਦੂਜੇ ਮੁਲਕਾਂ ਦੇ ਬੇਦੋਸ਼ੇ ਲੋਕਾਂ ਨੂੰ ਜੰਗ ਦਾ ਖਾਜਾ ਬਣਾਉਂਦੇ ਹਨ?

# ਅਮਰੀਕਾ ਦੀ ਤੇਲ ਲਈ ਅਥਾਹ ਭੁੱਖ

**ਇੰਗਲੈਂਡ, ਫਰਾਂਸ, ਅਮਰੀਕਾ ਅਤੇ ਰੂਸ ਕੋਲ ਆਪਣੇ ਤੇਲ ਭੰਡਾਰ ਸਨ ਜਦਕਿ ਜਰਮਨੀ, ਇਟਲੀ ਅਤੇ ਜਾਪਾਨ ਤੇਲ ਲਈ ਦੂਸਰੇ ਦੇਸ਼ਾਂ 'ਤੇ ਨਿਰਭਰ ਸਨ। ਇਨ੍ਹਾਂ ਸੰਸਾਰ ਜੰਗਾਂ ਨੇ ਦੁਨੀਆ ਭਰ ਨੂੰ ਤੇਲ ਦੀ ਅਹਿਮੀਅਤ ਸਮਝਾ ਦਿੱਤੀ। ਅਮਰੀਕਾ ਅਤੇ ਯੂਰਪ ਦੀਆਂ ਵੱਡੀਆਂ ਕੰਪਨੀਆਂ ਨੇ ਅਰਬ ਦੇਸ਼ਾਂ ਦੇ ਤੇਲ ਦੀ ਲੁੱਟ ਮਚਾ ਦਿੱਤੀ। ਇਹ ਇਨ੍ਹਾਂ ਦੇਸ਼ਾਂ ਨੂੰ ਆਮਦਨ ਦਾ ਇਕ ਛੋਟਾ ਜਿਹਾ ਹਿੱਸਾ ਦੇ ਕੇ ਸਾਰੀ ਕਮਾਈ ਖੁਦ ਕਰਦੀਆਂ ਸਨ**



ਅਮਰੀਕਾ ਨੇ ਤੇਲ ਲਈ ਆਪਣੀ ਅਥਾਹ ਭੁੱਖ ਨੂੰ ਸ਼ਾਂਤ ਕਰਨ ਲਈ ਇਰਾਕ, ਲੀਬੀਆ ਅਤੇ ਵੈਨੇਜ਼ੁਏਲਾ ਨੂੰ ਤਬਾਹ ਕਰ ਦਿੱਤਾ ਸੀ ਤੇ ਹੁਣ ਈਰਾਨ ਨਾਲ ਵੀ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੇਲ ਭੰਡਾਰਾਂ 'ਤੇ ਕਬਜ਼ਾ ਕਰਨ ਲਈ ਸੱਦਾਮ ਹੁਸੈਨ ਅਤੇ ਕਰਨਲ ਗੱਦਾਫੀ ਦਾ ਕਤਲ ਕਰ ਦਿੱਤਾ ਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਅਗਵਾ ਕਰ ਲਿਆ ਹੈ। ਤੇਲ ਕਾਰਨ ਅਰਬ ਦੇਸ਼ਾਂ ਨਾਲ ਇਸ ਦਾ ਟਕਰਾਅ ਸੰਨ 1973 'ਚ ਸ਼ੁਰੂ ਹੋਇਆ ਸੀ ਜੋ ਹੁਣ ਗੂੜ੍ਹੇ ਸਹਿਯੋਗ ਵਿਚ ਬਦਲ ਗਿਆ ਹੈ। ਛੇ ਅਕਤੂਬਰ 1973 ਨੂੰ ਸੀਰੀਆ ਅਤੇ ਮਿਸਰ ਦੀਆਂ ਸਾਂਝੀਆਂ ਫ਼ੌਜਾਂ ਨੇ ਇਜ਼ਰਾਈਲ 'ਤੇ ਹਮਲਾ ਕਰ ਦਿੱਤਾ ਸੀ ਤੇ ਬਾਕੀ ਅਰਬ ਦੇਸ਼ਾਂ ਨੇ ਉਨ੍ਹਾਂ ਨੂੰ ਆਰਥਿਕ ਅਤੇ ਕੂਟਨੀਤਕ ਸਹਿਯੋਗ ਦਿੱਤਾ ਸੀ। ਸੰਨ 1967 ਦੀ ਅਰਬ ਇਜ਼ਰਾਈਲ ਜੰਗ ਸਮੇਂ ਇਜ਼ਰਾਈਲ ਨੇ ਇਨ੍ਹਾਂ ਦੇਸ਼ਾਂ ਦੇ ਕਈ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਸੀ ਤੇ ਇਹ ਦੇਸ਼ ਆਪਣਾ ਇਲਾਕਾ ਵਾਪਸ ਚਾਹੁੰਦੇ ਸਨ। ਜੰਗ ਦੀ ਸ਼ੁਰੂਆਤ ਵਿਚ ਅਰਬ ਦੇਸ਼ਾਂ ਦਾ ਹੱਥ ਉੱਪਰ ਰਿਹਾ ਤੇ ਰਾਜਧਾਨੀ ਤਲ ਅਵੀਵ 'ਤੇ ਕਬਜ਼ੇ ਦਾ ਖ਼ਤਰਾ ਮੰਡਰਾਉਣ ਲੱਗ ਪਿਆ।

ਇਜ਼ਰਾਈਲ ਨੇ ਅਮਰੀਕਾ ਕੋਲੋਂ ਮਦਦ ਮੰਗੀ ਤੇ ਕੁਝ ਹੀ ਦਿਨਾਂ ਵਿਚ ਭਾਰੀ ਸੈਨਿਕ ਮਦਦ ਇਜ਼ਰਾਈਲ ਪਹੁੰਚ ਗਈ ਤੇ ਜੰਗ ਦਾ ਪਾਸਾ ਪਲਟ ਗਿਆ। ਅਰਬ ਦੇਸ਼ਾਂ ਨੂੰ ਭਾਵੇਂ ਮੂੰਹ ਦੀ ਖਾਣੀ ਪਈ ਪਰ ਉਨ੍ਹਾਂ ਨੇ ਹਾਰ ਨਾ ਮੰਨੀ। ਉਨ੍ਹਾਂ ਨੇ ਦੁਨੀਆ ਨੂੰ ਪਹਿਲੀ ਵਾਰ ਇਹ ਪ੍ਰਤੱਖ ਕਰ ਦਿੱਤਾ ਕਿ ਚਾਹੇ ਉਨ੍ਹਾਂ ਕੋਲ ਸੈਨਿਕ ਸ਼ਕਤੀ ਘੱਟ ਹੈ ਪਰ ਉਨ੍ਹਾਂ ਕੋਲ ਤੇਲ ਦੀ ਅਥਾਹ ਤਾਕਤ ਹੈ। ਦਸੰਬਰ 1973 ਨੂੰ ਸਾਊਦੀ ਅਰਬ ਦੀ ਅਗਵਾਈ ਹੇਠ ਤੇਲ ਪੈਦਾ ਕਰਨ ਵਾਲੇ ਸਾਰੇ ਅਰਬ ਦੇਸ਼ਾਂ ਨੇ ਅਮਰੀਕਾ ਅਤੇ ਇਜ਼ਰਾਈਲ ਦੀ ਮਦਦ ਕਰਨ ਵਾਲੇ ਯੂਰਪੀ ਦੇਸ਼ਾਂ ਤੇ ਅਮਰੀਕਾ ਨੂੰ ਤੇਲ ਦੀ ਸਪਲਾਈ ਠੱਪ ਕਰ ਦਿੱਤੀ। ਇਸ ਨਾਲ ਹਾਹਾਕਾਰ ਮਚ ਗਈ ਤੇ ਕੁਝ ਹੀ ਦਿਨਾਂ ਵਿਚ ਤੇਲ ਦੀ ਕੀਮਤ 350% ਵਧ ਗਈ। ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਸਾਊਦੀ ਬਾਦਸ਼ਾਹ ਫੈਸਲ-ਬਿਨ-ਅਬਦੁਲ-ਅਜ਼ੀਜ਼-ਸਾਊਦ ਨੂੰ ਦਬਕਾ ਮਾਰਿਆ ਕਿ ਜੇ ਸਪਲਾਈ ਬਹਾਲ ਨਾ ਹੋਈ ਤਾਂ ਉਹ ਸਾਊਦੀ ਅਰਬ ਦੇ ਸਾਰੇ ਤੇਲ ਟਿਕਾਣੇ ਤਬਾਹ ਕਰ ਦੇਵੇਗਾ। ਬਾਦਸ਼ਾਹ ਨੇ ਅੱਗੋਂ ਜਵਾਬ ਦਿੱਤਾ ਕਿ ਸਾਡੀ ਕੌਮ ਸਦੀਆਂ ਤੋਂ ਸਿਰਫ਼ ਖਜੂਰਾਂ ਅਤੇ ਪਾਣੀ ਦੇ ਸਿਰ 'ਤੇ ਰੇਗਿਸਤਾਨ ਵਿਚ ਜਿਉਂਦੀ ਰਹੀ ਹੈ ਤੇ ਹੁਣ ਵੀ ਰਹਿ ਲਵਾਂਗੇ ਪਰ ਤੁਸੀਂ ਤੇਲ ਤੋਂ ਬਗ਼ੈਰ ਇਕ ਦਿਨ ਵੀ ਨਹੀਂ ਰਹਿ ਸਕਦੇ। ਇਸ ਪਾਬੰਦੀ ਨਾਲ ਅਮਰੀਕਾ ਦੇ ਪੈਟਰੋਲ ਪੰਪਾਂ 'ਤੇ ਲੰਬੀਆਂ ਲਾਈਨਾਂ ਲੱਗ ਗਈਆਂ, ਮਹਿੰਗਾਈ ਅਸਮਾਨ ਛੂਹਣ ਲੱਗ ਪਈ ਤੇ ਅਖ਼ੀਰ ਅਮਰੀਕਾ ਨੂੰ ਝੁਕਣਾ ਪਿਆ। ਇਸ ਪਾਬੰਦੀ ਦਾ ਭਾਰਤ 'ਤੇ ਵੀ ਜਬਰਦਸਤ ਅਸਰ ਪਿਆ ਸੀ। ਹਾਲਾਂਕਿ ਭਾਰਤ ਦਾ ਇਸ ਜੰਗ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਪਰ ਮਹਿੰਗਾਈ ਇੰਨੀ ਵਧ ਗਈ ਕਿ ਸਾਰੇ ਦੇਸ਼ ਵਿਚ ਇੰਦਰਾ ਗਾਂਧੀ ਸਰਕਾਰ ਦਾ ਵਿਰੋਧ ਹੋਣ ਲੱਗ ਪਿਆ। ਤੇਲ ਵਿਚ ਇੰਨੀ ਤਾਕਤ ਹੈ ਕਿ 5000 ਕਿੱਲੋਮੀਟਰ ਦੂਰ ਹੋਣ ਵਾਲੀ ਜੰਗ ਕਰ ਕੇ ਇੰਦਰਾ ਗਾਂਧੀ ਨੂੰ ਐਮਰਜੈਂਸੀ ਲਗਾਉਣੀ ਪੈ ਗਈ। ਫਲਸਰੂਪ, ਮਾਰਚ 1977 ਵਾਲੀਆਂ ਚੋਣਾਂ ਵਿਚ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਹੋਈ ਤੇ ਜਨਤਾ ਪਾਰਟੀ ਸੱਤਾ ਵਿਚ ਆ ਗਈ। ਅੱਜ 50 ਸਾਲ ਬਾਅਦ ਦੁਬਾਰਾ ਹਾਲਾਤ ਉਹੋ ਜਿਹੇ ਹੀ ਬਣਦੇ ਨਜ਼ਰ ਆ ਰਹੇ ਹਨ। ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਨਾਜਾਇਜ਼ ਹਮਲੇ ਕਾਰਨ ਜੰਗ ਚੌਥੇ ਹਫ਼ਤੇ ਵਿਚ ਪਹੁੰਚ ਗਈ ਹੈ ਤੇ ਈਰਾਨ ਜਬਰਦਸਤ ਤਰੀਕੇ ਨਾਲ ਤੇਲ ਨੂੰ ਆਪਣੇ ਸਭ ਤੋਂ ਵੱਡੇ ਹਥਿਆਰ ਵਜੋਂ ਵਰਤ ਰਿਹਾ ਹੈ। ਈਰਾਨ ਵੱਲੋਂ ਲਗਾਤਾਰ ਖਾੜੀ ਦੇਸ਼ਾਂ ਦੇ ਤੇਲ ਭੰਡਾਰਾਂ ਅਤੇ ਰਿਫਾਈਨਰੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਹੋਰਮੁਜ਼ ਜਲ ਡਮਰੂ ਨੂੰ ਲਗਪਗ ਬੰਦ ਕਰ ਦਿੱਤਾ ਗਿਆ ਹੈ ਤੇ ਉੱਥੇ ਲਗਪਗ 150 ਤੇਲ ਟੈਂਕਰ ਫਸੇ ਹੋਏ ਹਨ। ਸਾਊਦੀ ਅਰਬ ਅਤੇ ਕਤਰ ਸਮੇਤ ਕਈ ਦੇਸ਼ਾਂ ਨੇ ਤੇਲ ਤੇ ਗੈਸ ਦਾ ਉਤਪਾਦਨ ਬੰਦ ਕਰ ਦਿੱਤਾ ਹੈ।

ਇਸ ਸਭ ਨਾਲ ਦੁਨੀਆ ਭਰ ਵਿਚ ਤੇਲ ਦੀਆਂ ਕੀਮਤਾਂ 40 ਤੋਂ 50% ਤੱਕ ਵਧ ਗਈਆਂ ਹਨ। ਇਸ ਜੰਗ ਨੇ ਸਾਬਿਤ ਕਰ ਦਿੱਤਾ ਹੈ ਕਿ ਦੁਨੀਆ ਦੀ ਆਰਥਿਕਤਾ ਸਿਰਫ਼ ਤੇਲ ਕਾਰਨ ਹੀ ਚੱਲ ਰਹੀ ਹੈ। ਕੀ ਖ਼ਾਸੀਅਤ ਹੈ ਤੇਲ ਵਿਚ ਕਿ ਇਸ ਤੋਂ ਬਿਨਾਂ ਦੁਨੀਆ ਦਾ ਚੱਲਣਾ ਨਾਮੁਮਕਿਨ ਹੋ ਗਿਆ ਹੈ? ਏਆਈ ਅਤੇ ਇਲੈਕਟ੍ਰਿਕ ਵਾਹਨ ਹੋਣ ਦੇ ਬਾਵਜੂਦ ਕਿਉਂ ਦੁਨੀਆ ਤੇਲ ਦੀ ਖ਼ਾਤਰ ਲੜਨ-ਮਰਨ ਲਈ ਤਿਆਰ ਹੈ? ਕਈ ਹੋਰ ਦੇਸ਼ਾਂ ਜਿਵੇਂ ਅਮਰੀਕਾ, ਰੂਸ, ਲੀਬੀਆ ਅਤੇ ਵੈਨੇਜ਼ੁਏਲਾ ਆਦਿ ਕੋਲ ਤੇਲ ਦੇ ਭੰਡਾਰ ਹਨ ਤਾਂ ਅਮਰੀਕਾ ਕਿਉਂ ਖਾੜੀ ਦੇਸ਼ਾਂ ਦੇ ਪਿੱਛੇ ਪਿਆ ਹੋਇਆ ਹੈ? ਇਸ ਦਾ ਕਾਰਨ ਇਹ ਹੈ ਕਿ ਖਾੜੀ ਦੇਸ਼ਾਂ ਦਾ ਤੇਲ ਸਭ ਤੋਂ ਵੱਧ ਰਿਫਾਈਨਰੀ ਫਰੈਂਡਲੀ ਹੈ। ਅਮਰੀਕਾ ਸਮੇਤ ਦੁਨੀਆ ਭਰ ਦੀਆਂ 90% ਰਿਫਾਇਨਰੀਆਂ ਇਸ ਤੇਲ ਨੂੰ ਸੋਧਣ ਲਈ ਹੀ ਬਣਾਈਆਂ ਗਈਆਂ ਹਨ। ਆਧੁਨਿਕ ਤੇਲ ਯੁੱਗ ਦੀ ਸ਼ੁਰੂਆਤ 1859 ਵਿਚ ਹੋਈ ਸੀ ਜਦੋਂ ਅਮਰੀਕਾ ਦੇ ਪੈਨਸੈਲਵੇਨੀਆ ਪ੍ਰਾਂਤ ਵਿਚ ਇਸ ਦੀ ਖੋਜ ਹੋਈ ਸੀ। ਉਸ ਸਮੇਂ ਤੱਕ ਉਦਯੋਗਿਕ ਕ੍ਰਾਂਤੀ ਹੋ ਚੁੱਕੀ ਸੀ ਤੇ ਇੰਜਣ ਕੋਲੇ ਨਾਲ ਚੱਲਦੇ ਸਨ ਪਰ ਤੇਲ ਦੀ ਖੋਜ ਤੋਂ ਕੁਝ ਸਾਲਾਂ ਅੰਦਰ ਹੀ ਡੀਜ਼ਲ ਅਤੇ ਪੈਟਰੋਲ ਇੰਜਣ ਬਣ ਗਏ ਜਿਸ ਕਾਰਨ ਤੇਲ ਦੀ ਮੰਗ ਇਕਦਮ ਵਧ ਗਈ। ਤੇਲ ਇੰਡਸਟਰੀ ਤੇ ਟਰਾਂਸਪੋਰਟ ਦੀ ਰੀੜ੍ਹ ਦੀ ਹੱਡੀ ਬਣ ਗਿਆ ਹੈ।

ਅਮਰੀਕਾ ਨੂੰ ਤੇਲ ਦੀ ਆਮਦਨ ਨਾਲ ਧਨਾਢ ਬਣਦੇ ਵੇਖ ਇੰਗਲੈਂਡ, ਫਰਾਂਸ ਅਤੇ ਰੂਸ ਆਦਿ ਨੇ ਵੀ ਤੇਲ ਦੀ ਖੋਜ ਸ਼ੁਰੂ ਕਰ ਦਿੱਤੀ। ਇੰਗਲੈਂਡ ਨੂੰ ਪਹਿਲੀ ਸਫਲਤਾ ਈਰਾਨ ਵਿਚ ਮਜਲਸੇ ਸੁਲੇਮਾਨ ਦੇ ਸਥਾਨ 'ਤੇ 1908 ਵਿਚ ਮਿਲੀ। ਇਸ ਤੋਂ ਬਾਅਦ ਸਮੇਂ-ਸਮੇਂ 'ਤੇ ਖਾੜੀ ਦੇਸ਼ਾਂ, ਸਾਊਦੀ ਅਰਬ ਅਤੇ ਰੂਸ (ਉਸ ਵੇਲੇ ਸੋਵੀਅਤ ਸੰਘ) ਵਿਚ ਵੀ ਤੇਲ ਦੀਆਂ ਵੱਡੀਆਂ ਖੋਜਾਂ ਹੋਈਆਂ। ਪਹਿਲੀ ਅਤੇ ਦੂਸਰੀ ਸੰਸਾਰ ਜੰਗ ਵਿਚ ਜਰਮਨੀ ਦੀ ਹਾਰ ਦਾ ਇਕ ਵੱਡਾ ਕਾਰਨ ਵੀ ਤੇਲ ਹੀ ਸੀ। ਇੰਗਲੈਂਡ, ਫਰਾਂਸ, ਅਮਰੀਕਾ ਅਤੇ ਰੂਸ ਕੋਲ ਆਪਣੇ ਤੇਲ ਭੰਡਾਰ ਸਨ ਜਦਕਿ ਜਰਮਨੀ, ਇਟਲੀ ਅਤੇ ਜਾਪਾਨ ਤੇਲ ਲਈ ਦੂਸਰੇ ਦੇਸ਼ਾਂ 'ਤੇ ਨਿਰਭਰ ਸਨ। ਇਨ੍ਹਾਂ ਸੰਸਾਰ ਜੰਗਾਂ ਨੇ ਦੁਨੀਆ ਭਰ ਨੂੰ ਤੇਲ ਦੀ ਅਹਿਮੀਅਤ ਸਮਝਾ ਦਿੱਤੀ। ਅਮਰੀਕਾ ਅਤੇ ਯੂਰਪ ਦੀਆਂ ਵੱਡੀਆਂ ਕੰਪਨੀਆਂ ਨੇ ਅਰਬ ਦੇਸ਼ਾਂ ਦੇ ਤੇਲ ਦੀ ਲੁੱਟ ਮਚਾ ਦਿੱਤੀ। ਇਹ ਇਨ੍ਹਾਂ ਦੇਸ਼ਾਂ ਨੂੰ ਆਮਦਨ ਦਾ ਇਕ ਛੋਟਾ ਜਿਹਾ ਹਿੱਸਾ ਦੇ ਕੇ ਸਾਰੀ ਕਮਾਈ ਖੁਦ ਕਰਦੀਆਂ ਸਨ। ਸਭ ਤੋਂ ਪਹਿਲਾਂ ਈਰਾਨ ਨੇ ਇਸ ਲੁੱਟ-ਖਸੁੱਟ ਨੂੰ ਸਮਝਿਆ ਤੇ ਪ੍ਰਧਾਨ ਮੰਤਰੀ ਮੁਹੰਮਦ ਮੁਸਾਦੇ ਨੇ 1953 ਵਿਚ ਇੰਗਲੈਂਡ ਦੀ ਸਭ ਤੋਂ ਵੱਡੀ ਤੇਲ ਕੰਪਨੀ ਐਂਗਲੋ ਪਰਸ਼ੀਅਨ ਕੰਪਨੀ ਦਾ ਕੌਮੀਕਰਨ ਕਰ ਦਿੱਤਾ। ਇਸ ਤੋਂ ਗੁੱਸੇ ਵਿਚ ਆ ਕੇ ਅਮਰੀਕਾ ਅਤੇ ਇੰਗਲੈਂਡ ਨੇ ਉਸ ਦਾ ਰਾਜ ਪਲਟਾ ਕਰਵਾ ਦਿੱਤਾ ਤੇ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਨੂੰ ਗੱਦੀ 'ਤੇ ਬਿਠਾ ਦਿੱਤਾ। ਇਸ ਨਾਲ ਈਰਾਨ ਦਾ ਤੇਲ ਦੁਬਾਰਾ ਪੱਛਮੀ ਦੇਸ਼ਾਂ ਦੇ ਹੱਥ ਲੱਗ ਗਿਆ। ਹੌਲੀ-ਹੌਲੀ ਅਰਬ ਦੇਸ਼ਾਂ ਵਿਚ ਜਾਗਰਿਤੀ ਆ ਗਈ ਤੇ ਉਨ੍ਹਾਂ ਨੇ ਤੇਲ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ। ਉਨ੍ਹਾਂ ਨੇ ਆਪਣੀ ਇਕ ਜਥੇਬੰਦੀ ਓਪੇਕ ਵੀ ਬਣਾ ਲਈ ਜੋ ਤੇਲ ਦੀਆਂ ਕੀਮਤਾਂ ਤੈਅ ਕਰਨ ਲੱਗ ਪਈ ਪਰ ਅਮਰੀਕਾ ਨੇ ਵੀ 1973 ਦਾ ਸਬਕ ਭੁੱਲਿਆ ਨਹੀਂ ਸੀ। ਉਹ ਤੇਲ ਦੇ ਪਿੱਛੇ ਪੈ ਗਿਆ ਤੇ ਜਿੱਥੋਂ ਵੀ ਤੇਲ ਲੱਭਦਾ, ਕਬਜ਼ਾ ਕਰਦਾ ਗਿਆ। ਅਮਰੀਕਾ ਭਾਵੇਂ ਤੇਲ ਦੇ ਮਾਮਲੇ ਵਿਚ ਸਵੈ ਨਿਰਭਰ ਹੈ ਪਰ ਫਿਰ ਵੀ ਇਰਾਕ ਅਤੇ ਲੀਬੀਆ ਦੇ ਤੇਲ 'ਤੇ ਕਬਜ਼ਾ ਕਰ ਲਿਆ ਤੇ ਈਰਾਨ ਨਾਲ ਮੌਜੂਦਾ ਬੇਲੋੜੀ ਜੰਗ ਛੇੜ ਲਈ ਜਿਸ ਦਾ ਕਾਰਨ ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿਚ ਤੇਲ ਦੀ ਅਹਿਮੀਅਤ ਹੈ। ਤੇਲ ਦੁਨੀਆ ਦੇ ਹਰ ਦੇਸ਼ ਵਿਚ ਨਹੀਂ ਮਿਲਦਾ ਪਰ ਸਭ ਨੂੰ ਇਸ ਦੀ ਜ਼ਰੂਰਤ ਹੈ। ਸੰਸਾਰ ਦੀ ਸਾਰੀ ਹੈਵੀ ਟਰਾਂਸਪੋਰਟ ਤੇਲ 'ਤੇ ਚੱਲਦੀ ਹੈ। ਸਮੁੰਦਰੀ ਜਹਾਜ਼, ਕੰਟੇਨਰ ਕੈਰੀਅਰ ਤੇ ਹਵਾਈ ਯਾਤਰਾ ਇਸ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਤੋਂ ਇਲਾਵਾ ਪਲਾਸਟਿਕ ਤੇ ਰਬੜ ਅੱਜ ਸੰਸਾਰ ਦੀ ਸਭ ਤੋਂ ਵੱਡੀ ਜ਼ਰੂਰਤ ਬਣ ਚੁੱਕੀ ਹੈ। ਲਗਪਗ ਹਰ ਯੰਤਰ ਵਿਚ ਪਲਾਸਟਿਕ ਵਰਤੀ ਜਾਂਦੀ ਹੈ ਜੋ 100% ਤੇਲ ਤੋਂ ਬਣਦੀ ਹੈ। ਵਾਸ਼ਿੰਗ ਮਸ਼ੀਨਾਂ, ਕੰਪਿਊਟਰ, ਮੋਬਾਈਲ ਫੋਨ, ਕੁਰਸੀਆਂ-ਮੇਜ਼, ਟੀਵੀ, ਟਾਇਰ ਅਤੇ ਟਿਊਬਾਂ ਆਦਿ ਹਰ ਚੀਜ਼ ਵਿਚ ਪਲਾਸਟਿਕ ਤੇ ਰਬੜ ਦੀ ਵਰਤੋਂ ਕੀਤੀ ਜਾਂਦੀ ਹੈ। ਵਿਸ਼ਵ ਦੇ ਤੇਲ ਦਾ 15% ਸਿਰਫ਼ ਪਲਾਸਟਿਕ ਅਤੇ ਰਬੜ ਬਣਾਉਣ ਵਿਚ ਹੀ ਵਰਤਿਆ ਜਾਂਦਾ ਹੈ। ਜੇ ਸੰਸਾਰ ਦੇ 20% ਆਵਾਜਾਈ ਦੇ ਸਾਧਨ ਬਿਜਲਈ ਵੀ ਹੋ ਜਾਣ ਤਾਂ ਵੀ ਤੇਲ ਦੀ ਖਪਤ 'ਤੇ ਕੋਈ ਫ਼ਰਕ ਪੈਣ ਵਾਲਾ ਨਹੀਂ ਹੈ। ਪਾਣੀ ਤੋਂ ਬਾਅਦ ਇਨਸਾਨ ਦੀ ਸਭ ਤੋਂ ਵੱਡੀ ਜ਼ਰੂਰਤ ਭੋਜਨ ਹੈ ਜੋ ਤੇਲ ਤੋਂ ਬਗ਼ੈਰ ਅਸੰਭਵ ਹੈ। ਤੇਲ ਤੋਂ ਬਣਨ ਵਾਲੀਆਂ ਖਾਦਾਂ ਨਾ ਹੋਣ ਤਾਂ ਸੰਸਾਰ ਦੀ ਅਨਾਜ ਉਪਜ 75% ਤੱਕ ਘਟ ਸਕਦੀ ਹੈ। ਨਾਈਟ੍ਰੋਜਨ ਸਮੇਤ 99% ਖਾਦਾਂ ਤੇਲ ਤੋਂ ਬਣਦੀਆਂ ਹਨ। ਇਸ ਤੋਂ ਇਲਾਵਾ ਤੇਲ ਤੋਂ ਹੋਰ ਵੀ ਲੱਖਾਂ ਚੀਜ਼ਾਂ ਦਾ ਉਤਪਾਦਨ ਹੁੰਦਾ ਹੈ। ਅਮਰੀਕਾ ਬਹੁਤ ਪਹਿਲਾਂ ਸਮਝ ਗਿਆ ਸੀ ਕਿ ਜੇ ਸੰਸਾਰ 'ਤੇ ਦਬਦਬਾ ਬਣਾਉਣਾ ਹੈ ਤਾਂ ਸਭ ਤੋਂ ਪਹਿਲਾਂ ਤੇਲ 'ਤੇ ਕਬਜ਼ਾ ਕਰਨਾ ਪਵੇਗਾ। ਇਸ ਕਾਰਨ ਹੀ ਉਹ ਹੁਣ ਈਰਾਨ ਨਾਲ ਜੰਗ ਛੇੜੀ ਬੈਠਾ ਹੈ।

**-ਬਲਰਾਜ ਸਿੰਘ ਸਿੱਧੂ**

# ਧੋਖਾਧੜੀ ਦੇ ਖਦਸ਼ੇ ਦੇ ਬਾਵਜੂਦ ਭਾਰਤੀਆਂ ਨੂੰ ਮਿਲੇ ਰਿਕਾਰਡ ਵੀਜ਼ੇ; ਕੈਨੇਡਾ ਦੀ ਨਵੀਂ ਰਿਪੋਰਟ ਨੇ ਮਚਾਈ ਹਲਚਲ

**ਓਟਾਵਾ**: ਕੈਨੇਡਾ ਦੇ ਆਡੀਟਰ ਜਨਰਲ ਵੱਲੋਂ ਸੰਸਦ ਵਿੱਚ ਪੇਸ਼ ਕੀਤੀ ਗਈ ਇੱਕ ਤਾਜ਼ਾ ਰਿਪੋਰਟ ਨੇ ਭਾਰਤੀ ਵਿਦਿਆਰਥੀਆਂ, ਖਾਸ ਕਰਕੇ ਪੰਜਾਬੀਆਂ ਵਿੱਚ ਹਲਚਲ ਮਚਾ ਦਿੱਤੀ ਹੈ। ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਸਭ ਤੋਂ ਅੱਗੇ ਹੈ ਜਿੱਥੇ ਸਟੂਡੈਂਟ ਵੀਜ਼ਾ ਅਰਜ਼ੀਆਂ ਵਿੱਚ ਵੱਡੇ ਪੱਧਰ ‘ਤੇ ਧੋਖਾਧੜੀ ਦੇ ਖ਼ਤਰੇ ਦੇ ਬਾਵਜੂਦ ਵੀਜ਼ਾ ਪ੍ਰਵਾਨਗੀ ਦਰ ਬਹੁਤ ਉੱਚੀ ਰਹੀ ਹੈ।



**ਰਿਪੋਰਟ ਵਿਚ ਵੱਡਾ ਖੁਲਾਸਾ:**

ਆਡੀਟਰ ਜਨਰਲ ਕੇਰਨ ਹੋਗਨ ਦੀ ਰਿਪੋਰਟ ਮੁਤਾਬਕ ਜਿੱਥੇ ਨਵੇਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਕੁੱਲ ਗਿਣਤੀ 2023 ਵਿੱਚ 51.6% ਤੋਂ ਘੱਟ ਕੇ 2025 ਵਿੱਚ (ਸਤੰਬਰ ਤੱਕ) 8.1% ਹੋ ਗਈ , ਉੱਥੇ ਸਟੂਡੈਂਟ ਡਾਇਰੈਕਟ ਸਟ੍ਰੀਮ ਦੇ ਤਹਿਤ ਭਾਰਤ ਦੇ ਵਿਦਿਆਰਥੀਆਂ ਲਈ ਪ੍ਰਵਾਨਗੀ ਦਰ, ਜਿਸ ਵਿੱਚ ਇੱਕ ਫਾਸਟ-ਟਰੈਕ ਸਹੂਲਤ ਵੀ ਸ਼ਾਮਲ ਸੀ, 2022 ਵਿੱਚ 61% ਤੋਂ ਵੱਧ ਕੇ 2024 ਵਿੱਚ 98% ਹੋ ਗਈ। ਇਹ ਵਾਧਾ ਉਦੋਂ ਦੇਖਿਆ ਗਿਆ ਜਦੋਂ ਇਮੀਗ੍ਰੇਸ਼ਨ ਵਿਭਾਗ ਨੂੰ ਪਹਿਲਾਂ ਹੀ ਚੇਤਾਵਨੀਆਂ ਮਿਲ ਰਹੀਆਂ ਸਨ ਕਿ ਇਸ ਪ੍ਰਣਾਲੀ ਦੀ ਦੁਰਵਰਤੋਂ ਹੋ ਰਹੀ ਹੈ। ਇਹ ਧੋਖਾਧੜੀ ਅਜਿਹੇ ਵਿਦਿਆਰਥੀ ਕਰ ਰਹੇ ਸਨ ਜੋ ਕੈਨੇਡਾ ਵਿਚ ਐਂਟਰੀ ਪਾਉਣਾ ਚਾਹੁੰਦੇ ਸਨ। ਇਸ ਧੋਖਾਧੜੀ ਨੂੰ ਰੋਕਣ ਲਈ 2024 ਦੇ ਅਖੀਰ ਤੱਕ ਕੈਨੇਡਾ ਨੇ ਸ਼ਧਸ਼ ਪ੍ਰੋਗਰਾਮ ਤੋਂ ਫਾਸਟ ਟ੍ਰੈਕ ਦੀ ਸਹੂਲਤ ਹਟਾ ਦਿੱਤੀ। ਗੌਰਤਲਬ ਹੈ ਕਿ ਕੈਨੇਡਾ ਵਿਚ ਭਾਰਤੀ ਵਿਦਿਆਰਥੀ ਦੀ ਗਿਣਤੀ ਘਟਣ ਦੀ ਮੁੱਖ ਵਜ੍ਹਾ ਸ਼ਧਸ਼ ਸਹੂਲਤ ਬੰਦ ਕਰਨਾ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਸਟੱਡੀ ਪਰਮਿਟ ‘ਤੇ 30-35 ਫੀਸਦੀ ਕੈਪ ਲਗਾਉਣਾ ਸੀ।

ਆਡਿਟ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਗਈ ਕਿ ਜਦੋਂ ਕਿ ਸ਼ਧਸ਼ ਵਾਪਸ ਲੈਣ ਨਾਲ ਨਵੇਂ ਸਟੱਡੀ ਪਰਮਿਟ ਅਰਜ਼ੀਆਂ ਨਾਲ ਜੁੜੇ ਜੋਖਮ ਘਟੇ ਹਨ ,ਉੱਥੇ ਭਾਰਤੀ ਵਿਦਿਆਰਥੀਆਂ ਨੂੰ ਪਹਿਲਾਂ ਹੀ ਜਾਰੀ ਕੀਤੇ ਗਏ ਵਿਦਿਆਰਥੀ ਵੀਜ਼ਿਆਂ ਦੀ ਬਹੁਤ ਜ਼ਿਆਦਾ ਗਿਣਤੀ ਜੋਖਮ ਨੂੰ ਜ਼ਿੰਦਾ ਰੱਖਦੀ ਹੈ, ਕਿਉਂਕਿ ਬਹੁਤ ਸਾਰੇ ਠਹਿਰਨ ਦੀ ਮਿਆਦ ਵਧਾਉਣ ਲਈ ਅਰਜ਼ੀ ਦਿੰਦੇ ਹਨ।

**ਆਈ.ਆਰ.ਸੀ.ਸੀ ‘ਤੇ ਉੱਠੇ ਸਵਾਲ:**

ਆਡਿਟ ਵਿਚ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿਚ ਵੀਜ਼ਾ ਪ੍ਰਵਾਨਗੀ ਦਿੱਤੇ ਜਾਣ ‘ਤੇ ਸਵਾਲ ਚੁੱਕੇ ਗਏ। ਜ਼ਿਕਰਯੋਗ ਹੈ ਕਿ ਸ਼ਧਸ਼ ਪ੍ਰਣਾਲੀ ਨੂੰ 2018 ਵਿਚ ਭਾਰਤ ਸਮੇਤ ਕੁਝ ਦੇਸ਼ਾਂ ਲਈ ਸ਼ੁਰੂ ਕੀਤਾ ਗਿਆ ਸੀ। ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਰਿਫਾਰਮਸ ਦੇ ਆਡਿਟ ਵਿੱਚ ਪਾਇਆ ਗਿਆ ਕਿ 2022-2024 ਦੌਰਾਨ “ਸਟੂਡੈਂਟ ਡਾਇਰੈਕਟ ਸਟ੍ਰੀਮ ਵਿੱਚ ਲਗਭਗ ਸਾਰੀਆਂ ਪ੍ਰਵਾਨਿਤ ਅਰਜ਼ੀਆਂ ਭਾਰਤ ਤੋਂ ਆਈਆਂ ਸਨ ਪਰ ਆਈ.ਆਰ.ਸੀ.ਸੀ ਨੇ ਲਾਪਰਵਾਹੀ ਵਰਤੀ ਤੇ ਫਰਜ਼ੀ ਦਸਤਾਵੇਜ ਵਾਲੇ ਭਾਰਤੀਆਂ ਨੂੰ ਕੈਨੇਡਾ ਵਿਚ ਰਹਿਣ ਦਾ ਮੌਕਾ ਮਿਲ ਗਿਆ।

ਜਨਵਰੀ 2023 ਅਤੇ ਸਤੰਬਰ 2025 ਦੇ ਵਿਚਕਾਰ ਸਟੱਡੀ ਪਰਮਿਟ ਐਕਸਟੈਂਸ਼ਨਾਂ ਲਈ ਪ੍ਰਵਾਨਗੀ ਦਰਾਂ 94% ਤੋਂ 95% ਤੱਕ ਸਨ, ਜਦੋਂ ਕਿ ਨਵੇਂ ਸਟੱਡੀ ਪਰਮਿਟਾਂ ਲਈ 38% ਅਤੇ 58% ਦੇ ਵਿਚਕਾਰ ਸਨ। ਆਡਿਟ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ IRCC ਕਈ ਮਾਮਲਿਆਂ ‘ਚ ਅੱਗੇ ਦੀ ਕਾਰਵਾਈ ਕਰਨ ਵਿੱਚ ਅਸਫਲ ਰਿਹਾ, ਜਿੱਥੇ ਸਟੱਡੀ ਪਰਮਿਟ ਜਾਰੀ ਕੀਤੇ ਜਾਣ ਤੋਂ ਬਾਅਦ ਧੋਖਾਧੜੀ ਵਾਲੇ ਦਸਤਾਵੇਜ਼ਾਂ ਦਾ ਪਤਾ ਲੱਗਿਆ ਸੀ।ਆਡਿਟ ਦੌਰਾਨ ਤਿੰਨ ਜਾਂਚ ਰਿਪੋਰਟਾਂ ਦੀ ਸਮੀਖਿਆ ਕੀਤੀ ਗਈ, ਜਿਸ ਵਿੱਚ 2018 ਤੋਂ 2023 ਵਿਚਕਾਰ ਜਾਰੀ ਕੀਤੇ ਗਏ 800 ਪ੍ਰਵਾਨਿਤ ਸਟੂਡੈਂਟ ਵੀਜ਼ੇ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 541 (68 ਫੀਸਦੀ) ਪਰਮਿਟ ਐਸ.ਡੀ.ਐਸ ਤਹਿਤ ਜਾਰੀ ਕੀਤੇ ਗਏ ਸਨ, ਜਿਨਾਂ ਵਿਚ ਬਿਨੈਕਾਰਾਂ ਨੇ ਜਾਂ ਤਾਂ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਸੀ ਜਾਂ ਫਿਰ ਗਲਤ ਜਾਣਕਾਰੀ ਦਿੱਤੀ ਸੀ।

ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ 800 ਮਾਮਲਿਆਂ ਵਿੱਚੋਂ 92 ਫੀਸਦੀ ਲੋਕ ਜਾਂ ਤਾਂ ਕੈਨੇਡਾ ਵਿੱਚ ਪੱਕੇ ਹੋਣ (ਫ਼) ਦੀ ਪ੍ਰਕਿਰਿਆ ਵਿੱਚ ਹਨ ਜਾਂ ਪਹਿਲਾਂ ਹੀ ਹੋਰ ਵੀਜ਼ੇ ਹਾਸਲ ਕਰ ਚੁੱਕੇ ਹਨ। ਆਡਿਟ ਨੇ ਇਹ ਵੀ ਦੱਸਿਆ ਕਿ 2023 ਅਤੇ 2024 ਵਿੱਚ ਵੀਜ਼ਾ ਸ਼ਰਤਾਂ ਦੀ ਸੰਭਾਵਿਤ ਗੈਰ-ਪਾਲਣਾ ਲਈ ਲਗਭਗ 150,000 ਕੇਸ ਅੰਦਰੂਨੀ ਤੌਰ ‘ਤੇ ਫਲੈਗ ਕੀਤੇ ਗਏ ਸਨ। ਫੰਡਾਂ ਦੀ ਘਾਟ ਕਾਰਨ, ਇਹਨਾਂ ਵਿੱਚੋਂ ਸਿਰਫ਼ 4,000 ਅਲਰਟਾਂ ਦੀ ਜਾਂਚ ਕੀਤੀ ਗਈ - ਜਿਨ੍ਹਾਂ ਵਿੱਚੋਂ ਲਗਭਗ 1,600 ਨੂੰ ਅਧੂਰੇ ਸਮਝ ਕੇ ਬੰਦ ਕਰ ਦਿੱਤਾ ਗਿਆ ਕਿਉਂਕਿ ਸਬੰਧਤ ਵਿਦਿਆਰਥੀਆਂ ਨੇ IRCC ਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।


A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਘਰੇਲੂ ਕੰਮਾਂ ਨੂੰ ਬਣਾਓ ਫਿਟਨੈਸ ਦਾ ਜਰੀਆ

ਅਜੋਕੇ ਸਮੇਂ 'ਚ ਸਰੀਰਕ ਫਿਟਨੈੱਸ ਨੂੰ ਲੈ ਕੇ ਲੋਕਾਂ ਖਾਸ ਕਰ ਕੇ ਨੌਜਵਾਨਾਂ ਵਿਚ ਕਾਫ਼ੀ ਉਤਸ਼ਾਹ ਪਾਇਆ ਜਾਂਦਾ ਹੈ। ਇਸੇ ਲਈ ਜਿਮਾਂ ਦੀ ਗਿਣਤੀ ਕਾਫ਼ੀ ਵਧ ਗਈ ਹੈ। ਪਰ ਹਰ ਕਿਸੇ ਕੋਲ ਜਿਮ ਜਾਣ ਲਈ ਸਮਾਂ ਅਤੇ ਵਿੱਤੀ ਸਾਧਨ ਨਹੀਂ ਹੁੰਦੇ ਹਨ। ਪੁਰਾਣੇ ਸਮੇਂ ਦੇ ਉਲਟ ਅੱਜਕਲ ਜ਼ਿਆਦਾਤਰ ਲੋਕ ਘਰੇਲੂ ਕੰਮਾਂ ਨੂੰ ਬੋਝ ਹੀ ਸਮਝਦੇ ਹਨ ਜਦਕਿ ਸੱਚਾਈ ਇਹ ਹੈ ਕਿ ਛੋਟੇ-ਛੋਟੇ ਘਰੇਲੂ ਕੰਮ ਨਾ ਕੇਵਲ ਘਰ ਨੂੰ ਸਾਫ਼ ਰੱਖਦੇ ਹਨ ਸਗੋਂ ਸਰੀਰ ਨੂੰ ਤੰਦਰੁਸਤ ਬਣਾਉਣ ਵਿਚ ਮਦਦਗਾਰ ਵੀ ਹੁੰਦੇ ਹਨ।



ਘਰ ਦੇ ਨਿਯਮਤ ਕੰਮ ਸਾਨੂੰ ਵਿਅਸਤ ਵੀ ਰੱਖਦੇ ਹਨ ਤੇ ਸਰੀਰ ਦੀਆਂ ਵਾਧੂ ਕਲੋਰੀਆਂ ਭਾਵ ਵਾਧੂ ਊਰਜਾ ਵੀ ਖ਼ਤਮ ਕਰਦੇ ਹਨ। ਵਿਅਕਤੀ ਦੇ ਕੰਮ ਵਿਚ ਰੁੱਝੇ ਰਹਿਣ ਨਾਲ ਫਾਲਤੂ ਗੱਲਾਂ ਵਲ ਧਿਆਨ ਨਹੀਂ ਜਾਂਦਾ, ਜਿਸ ਨਾਲ ਜ਼ਿੰਦਗੀ ਵਿਚ ਤਣਾਅ ਪੈਦਾ ਹੋਣ ਦੀ ਸੰਭਾਵਨਾ ਕਾਫ਼ੀ ਘੱਟ ਜਾਂਦੀ ਹੈ। ਪਰ ਅਜੋਕੇ ਜੀਵਨ ਦੀ ਇਹ ਵੀ ਇਕ ਕੌੜੀ ਸੱਚਾਈ ਹੈ ਕਿ ਅੱਜਕਲ ਲੋਕਾਂ ਨੂੰ ਘਰ ਦੇ ਬਣੇ ਸੰਤੁਲਤ ਭੋਜਨ ਦੀ ਬਜਾਏ ਬਾਜ਼ਾਰੀ ਭੋਜਨ ਜ਼ਿਆਦਾ ਪਸੰਦ ਆਉਂਦਾ ਹੈ। ਇਸ ਭੋਜਨ ਨੂੰ ਤਿਆਰ ਕਰਨ ਵਿਚ ਮੈਦਾ, ਖੰਡ, ਮਸਾਲੇ ਅਤੇ ਘਿਉ ਆਦਿ ਵਸਤਾਂ ਦੀ ਵਰਤੋਂ ਜ਼ਿਆਦਾਤਰ ਕੀਤੀ ਜਾਂਦੀ ਹੈ।

ਇਨ੍ਹਾਂ ਨਾਲ ਤਿਆਰ ਕੀਤਾ ਗਿਆ ਭੋਜਨ ਆਮ ਤੌਰ 'ਤੇ ਗ਼ੈਰ-ਮਿਆਰੀ ਹੁੰਦਾ ਹੈ ਤੇ ਇਹ ਮੋਟਾਪਾ ਪੈਦਾ ਕਰਦਾ ਹੈ। ਅਜੋਕੇ ਮਸ਼ੀਨੀ ਯੁੱਗ ਵਿਚ ਆਦਮੀ ਨੂੰ ਰੋਜ਼ਾਨਾ ਜੀਵਨ ਦੇ ਜ਼ਿਆਦਾਤਰ ਕੰਮ ਮਸ਼ੀਨਾਂ ਤੋਂ ਲੈਣ ਦੀ ਆਦਤ ਬਣ ਚੁੱਕੀ ਹੈ ਜਿਸ ਕਾਰਨ ਸਰੀਰਕ ਸਰਗਰਮੀ ਵੀ ਕਾਫ਼ੀ ਘੱਟ ਚੁੱਕੀ ਹੈ। ਅਜਿਹੇ ਹਾਲਾਤਾਂ ਕਰ ਕੇ ਮੋਟਾਪਾ ਬਹੁਤ ਸਾਰੇ ਲੋਕਾਂ ਲਈ ਇਕ ਵੱਡੀ ਸਮੱਸਿਆ ਬਣਿਆ ਹੋਇਆ ਹੈ।

ਇਹ ਮਨੁੱਖ ਦੇ ਸਰੀਰ ਵਿਚ ਅਨੇਕਾਂ ਚਿਰਕਾਲੀਨ ਬਿਮਾਰੀਆਂ ਜਿਵੇਂ ਸ਼ੂਗਰ, ਦਿਲ ਦੇ ਰੋਗ, ਗੁਰਦਿਆਂ ਦੇ ਰੋਗ, ਕਲੈੱਸਟਰਾਲ ਦਾ ਵਧਣਾ, ਵੱਧ ਬਲੱਡ ਪ੍ਰੈਸ਼ਰ, ਜੋੜਾਂ ਦੀਆਂ ਦਰਦਾਂ ਆਦਿ ਪੈਦਾ ਕਰਨ ਦੇ ਨਾਲ-ਨਾਲ ਮਾਨਸਕ ਤਣਾਅ ਅਤੇ ਉਨੀਂਦਰੇ ਵਰਗੀਆਂ ਦਿਮਾਗੀ ਪ੍ਰੇਸ਼ਾਨੀਆਂ ਨੂੰ ਵੀ ਜਨਮ ਦਿੰਦਾ ਹੈ। ਮੋਟੇ ਆਦਮੀ ਨੂੰ ਚੁਸਤੀ ਫੁਰਤੀ ਨਾਲ ਤੁਰਨ-ਫਿਰਨ ਵਿਚ ਮੁਸ਼ਕਲ ਆਉਂਦੀ ਹੈ ਅਤੇ ਕਈ ਵਾਰ ਤਾਂ ਉਸ ਦਾ ਜੀਵਨ ਘਰ ਦੇ ਦੂਜੇ ਜੀਆਂ ਦਾ ਮੁਥਾਜ ਵੀ ਹੋ ਜਾਂਦਾ ਹੈ। ਮੋਟੇ ਲੋਕਾਂ ਵਿਚ ਬਿਮਾਰੀਆਂ ਦੀਆਂ ਸੰਭਾਵਨਾਵਾਂ ਵੀ ਆਮ ਲੋਕਾਂ ਨਾਲੋਂ ਜ਼ਿਆਦਾ ਹੁੰਦੀਆਂ ਹਨ।

ਮੋਟਾਪੇ ਦਾ ਇਲਾਜ ਕਰਵਾਉਣ ਲਈ ਲੋਕ ਕਈ ਵਾਰ ਡਾਕਟਰਾਂ-ਹਕੀਮਾਂ ਦੇ ਚੱਕਰ ਵੀ ਲਗਾਉਂਦੇ ਰਹਿੰਦੇ ਹਨ ਤੇ ਕਈ ਵਾਰ ਜਿਮ ਜਾਂਦੇ, ਯੋਗਾ ਕਰਦੇ ਤੇ ਤੈਰਾਕੀ ਕਰਨ ਵੀ ਜਾਂਦੇ ਹਨ, ਪਰ ਲੋਕ ਅਕਸਰ ਇਹ ਭੁੱਲ ਜਾਂਦੇ ਹਨ ਕਿ ਘਰੇਲੂ ਢੰਗਾਂ ਨਾਲ ਸਰੀਰ ਨੂੰ ਫਿੱਟ ਰੱਖਿਆ ਜਾ ਸਕਦਾ ਹੈ। ਘਰੇਲੂ ਕੰਮ-ਕਾਜ ਮੋਟਾਪੇ ਨੂੰ ਦੂਰ ਕਰ ਕੇ ਸਰੀਰ ਨੂੰ ਫਿੱਟ ਰੱਖਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਸ ਲਈ ਜੇਕਰ ਅਸੀ ਫ਼ਿੱਟ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਆਪ ਨੂੰ ਘਰੇਲੂ ਕੰਮਾਂ ਵਿਚ ਜਿੰਨਾ ਹੋ ਸਕੇ ਸਰਗਰਮ ਰੱਖਣਾ ਚਾਹੀਦਾ ਹੈ।

ਆਓ ਜਾਣੀਏ ਕਿ ਕਿਵੇਂ ਅਸੀਂ ਦੇਸੀ ਢੰਗ-ਤਰੀਕਿਆਂ ਨਾਲ ਜਾਂ ਘਰੇਲੂ ਕੰਮਾਂ ਵਿਚ ਸਰਗਰਮ ਰਹਿ ਕੇ ਚੁਸਤ ਦਰੁਸਤ ਅਤੇ ਸਰੀਰਕ ਤੌਰ 'ਤੇ ਫ਼ਿਟ ਰਹਿ ਸਕਦੇ ਹਾਂ। ਘਰੇਲੂ ਕੰਮ-ਕਾਜ ਜਿਵੇਂ ਝਾੜੂ ਲਗਾਉਣਾ, ਪੋਚਾ ਫੇਰਨਾ, ਘਰ ਦੀ ਝਾੜ-ਪੂੰਝ ਕਰਨਾ, ਕਣਕ ਛੱਟਣਾ, ਆਟਾ ਗੁੰਨ੍ਹਣਾ ਤੇ ਕੱਪੜੇ ਧੋਣਾ ਆਦਿ ਅਨੇਕਾਂ ਕੰਮ ਹਨ ਜੋ ਸਰੀਰ ਦੀ ਚਰਬੀ ਨੂੰ ਘੱਟ ਕਰ ਸਕਦੇ ਹਨ। ਯੋਗਾ ਦੇ ਆਸਣ ਕਰਨ ਨਾਲ ਮੋਟਾਪਾ ਘੱਟ ਕੀਤਾ ਜਾ ਸਕਦਾ ਹੈ। ਸਵੇਰੇ-ਸ਼ਾਮ ਸੈਰ ਕਰਨ ਨਾਲ ਮੋਟਾਪੇ ਨੂੰ ਦੂਰ ਕਰਨ ਵਿਚ ਸਹਾਇਤਾ ਮਿਲਦੀ ਹੈ। ਨੇੜੇ ਤੇੜੇ ਕਿਸੇ ਰੂਟੀਨ ਦੇ ਕੰਮ 'ਤੇ ਜਾਣ ਲਗਿਆਂ ਪੈਦਲ ਜਾਣ ਦੀ ਆਦਤ ਪਾਉਣੀ ਚਾਹੀਦੀ ਹੈ। ਰੱਸੀ ਟੱਪਣ ਨਾਲ ਸਰੀਰ ਦਾ ਭਾਰ ਕਾਬੂ ਵਿਚ ਰਹਿੰਦਾ ਹੈ।

ਜੇਕਰ ਘਰ ਵਿਚ ਪਸ਼ੂ ਹਨ ਤਾਂ ਉਨ੍ਹਾਂ ਨੂੰ ਨਹਾਉਣ ਅਤੇ ਪੱਠੇ ਆਦਿ ਪਾਉਣ ਨਾਲ ਸਰੀਰਕ ਕਸਰਤ ਹੁੰਦੀ ਹੈ। ਸਾਈਕਲ ਚਲਾਉਣ ਨਾਲ ਸਰੀਰ ਦਾ ਭਾਰ ਘੱਟਦਾ ਹੈ। ਹਲਕੀਆਂ-ਫੁਲਕੀਆਂ ਰਵਾਇਤੀ ਖੇਡਾਂ ਸਰੀਰ ਨੂੰ ਚੁਸਤ ਰੱਖਦੀਆਂ, ਭਾਰ ਨੂੰ ਕਾਬੂ ਰੱਖਦੀਆਂ ਅਤੇ ਮਨ-ਚਿੱਤ ਨੂੰ ਤਰੋਤਾਜ਼ਾ ਰੱਖਦੀਆਂ ਹਨ। ਜੌਗਿੰਗ ਭਾਰ ਘੱਟ ਕਰਨ ਦਾ ਇਕ ਬੇਹਤਰੀਨ ਢੰਗ ਹੋ ਸਕਦਾ ਹੈ। ਭਰਪੂਰ ਨੀਂਦ ਦਾ ਆਨੰਦ ਲਓ। ਨੀਂਦ ਦੀ ਕਮੀ ਮੋਟਾਪੇ ਨੂੰ ਜਨਮ ਦਿੰਦੀ ਹੈ। ਇਸ ਨਾਲ ਆਦਮੀ ਦੀ ਸਰੀਰਕ ਅਤੇ ਮਾਨਸਿਕ ਕਾਰਜ ਸਮਰੱਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ।


ਜ਼ਿੰਦਗੀ ਨੂੰ ਤਣਾਅ-ਮੁਕਤ ਰੱਖੋ। ਤਣਾਅ ਵਿਚ ਅਕਸਰ ਜ਼ਿਆਦਾ ਭੁੱਖ ਲਗਦੀ ਹੈ ਅਤੇ ਜ਼ਰੂਰਤ ਤੋਂ ਵੱਧ ਖਾਣਾ ਖਾਧਾ ਜਾਂਦਾ ਹੈ ਜਿਸ ਨਾਲ ਮੋਟਾਪਾ ਵੱਧ ਜਾਂਦਾ ਹੈ। ਤਣਾਅ ਨੂੰ ਘੱਟ ਕਰਨ ਲਈ ਧਿਆਨ-ਸਿਮਰਨ ਵਿਚ ਅਪਣਾ ਮਨ ਲਗਾਉ ਤੇ ਸਵੇਰੇ ਸ਼ਾਮ ਮੈਡੀਟੇਸ਼ਨ ਭਾਵ ਮਨ ਨੂੰ ਇਕਾਗਰ ਚਿੱਤ ਕਰਨ ਦੀ ਕੋਸ਼ਿਸ਼ ਕਰੋ। ਲੰਮੇ-ਲੰਮੇ ਸਾਹ ਲੈਣ ਨਾਲ ਤਣਾਅ ਕੁਦਰਤੀ ਤੌਰ 'ਤੇ ਘੱਟ ਜਾਂਦਾ ਹੈ। ਅਪਣੇ ਭੋਜਨ ਵਿਚ ਜ਼ਿਆਦਾ ਤਲਿਆ ਮਿਲਿਆ ਭੋਜਨ ਖਾਣ ਦੀ ਬਜਾਏ ਘਰ ਦੇ ਸਾਦੇ ਭੋਜਨ ਨੂੰ ਪਹਿਲ ਦਿਉ। ਸਾਬਤ ਅਨਾਜ ਤੋਂ ਬਣੇ ਭੋਜਨ ਵਿਚ ਜ਼ਿਆਦਾ ਪੌਸ਼ਟਿਕ ਤੱਤ ਹੁੰਦੇ ਹਨ। ਜੰਕ ਫੂਡ ਜਿਵੇਂ ਪਿਜ਼ਾ, ਬਰਗਰ, ਫਰੈਂਚ ਫਰਾਈਜ਼, ਡੋਸਾ ਅਤੇ ਨੂਡਲਜ਼ ਆਦਿ ਨੂੰ ਅਪਣੀ ਜ਼ਿੰਦਗੀ ਤੋਂ ਦੂਰ ਰੱਖੋ।

ਜ਼ਿਆਦਾ ਚਰਬੀ ਵਾਲੇ ਭੋਜਨ ਨੂੰ ਅਪਣੇ ਭੋਜਨ ਵਿਚ ਸ਼ਾਮਲ ਨਾ ਕਰੋ। ਇਸੇ ਤਰ੍ਹਾਂ ਮਿੱਠੇ ਵਾਲੇ ਤਰਲ ਪਦਾਰਥਾਂ ਜਿਵੇਂ ਸਾਫ਼ਟ ਡਰਿੰਕਸ, ਫਰੂਟ ਜੂਸ ਅਤੇ ਸੋਡਾ ਬੋਤਲ ਵਰਗੇ ਪੀਣ ਵਾਲੇ ਤਰਲਾਂ ਨੂੰ ਅਪਣੇ ਭੋਜਨ ਵਿਚ ਸ਼ਾਮਲ ਨਾ ਕਰੋ। ਇਨ੍ਹਾਂ ਦੀ ਬਜਾਏ ਫਲਾਂ ਦੀ ਵਰਤੋਂ ਕਰੋ। ਫਲ ਸਾਨੂੰ ਵਧੇਰੇ ਪੌਸ਼ਟਿਕ ਤੱਤ ਦਿੰਦੇ ਹਨ ਅਤੇ ਨਾਲ ਦੀ ਨਾਲ ਰੇਸ਼ੇ ਵੀ ਪ੍ਰਦਾਨ ਕਰਦੇ ਹਨ। ਰੇਸ਼ੇ ਪੇਟ ਨੂੰ ਸਾਫ਼ ਕਰ ਕੇ ਕਬਜ਼ੀ ਨੂੰ ਦੂਰ ਕਰਦੇ ਹਨ।

ਸਮੇਂ-ਸਮੇਂ 'ਤੇ ਅਪਣਾ ਭਾਰ ਤੋਲ ਕੇ ਅਪਣੇ ਭਾਰ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਕਰੋ। ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਣ ਨੂੰ ਆਪਣੀ ਨਿੱਤ ਦੀ ਆਦਤ ਬਣਾਉ। ਤਾਜ਼ੀਆਂ ਸਬਜ਼ੀਆਂ ਅਤੇ ਤਾਜ਼ੇ ਫਲ ਖਾਣ ਨੂੰ ਪਹਿਲ ਦਿਉ। ਕੱਚੀਆਂ ਸਬਜ਼ੀਆਂ ਸਾਨੂੰ ਰਿੱਝੀਆਂ ਸਬਜ਼ੀਆਂ ਨਾਲੋਂ ਜ਼ਿਆਦਾ ਪੌਸ਼ਕਾਂ ਦੀ ਪੂਰਤੀ ਕਰਦੀਆਂ ਹਨ, ਇਸ ਲਈ ਇਨ੍ਹਾਂ ਨੂੰ ਅਪਣੀ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਬਣਾਉ।

ਪੁਰਾਣੀਆਂ ਕਹਾਵਤਾਂ ਮੁਤਾਬਕ ਜਲਦੀ ਸੌਣ ਦੀ ਅਤੇ ਸਵੇਰੇ ਜਲਦੀ ਉਠਣ ਦੀ ਕੋਸ਼ਿਸ਼ ਕਰੋ। ਵਿਟਾਮਿਨ-ਡੀ ਸਾਡੀਆਂ ਭੋਜਨ ਜ਼ਰੂਰਤਾਂ ਦਾ ਇਕ ਅਹਿਮ ਹਿੱਸਾ ਹੈ। ਇਹ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ, ਮਾਨਸਿਕ ਤਣਾਅ ਨੂੰ ਘੱਟ ਕਰਦਾ ਹੈ ਅਤੇ ਸਰੀਰ ਦੀ ਰੋਗ ਰੋਕੂ ਸਮਰਥਾ ਨੂੰ ਮਜ਼ਬੂਤ ਕਰ ਕੇ ਬਿਮਾਰੀਆਂ ਤੋਂ ਬਚਾਅ ਕਰਦਾ ਹੈ। ਇਸ ਲਈ ਵਿਟਾਮਿਨ-ਡੀ ਪ੍ਰਾਪਤ ਕਰਨ ਲਈ ਰੋਜ਼ਾਨਾ 15-20 ਮਿੰਟਾਂ ਲਈ ਹਲਕੀ ਧੁੱਪ ਦਾ ਆਨੰਦ ਲਉ।

ਪ੍ਰੋਟੀਨ ਸਾਡੇ ਭੋਜਨ ਦਾ ਇਕ ਬੇਹੱਦ ਅਹਿਮ ਹਿੱਸਾ ਹਨ। ਇਹ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦੇ ਹਨ, ਬਿਮਾਰੀਆਂ ਤੋਂ ਬਚਾਉਂਦੇ ਹਨ ਅਤੇ ਸਰੀਰ ਦੇ ਨਵੇਂ ਸੈਲਾਂ ਦਾ ਨਿਰਮਾਣ ਕਰਦੇ ਹਨ। ਇਸ ਲਈ ਦੁੱਧ, ਦਹੀਂ, ਦਾਲਾਂ ਅਤੇ ਗਿਰੀ-ਮੇਵਿਆਂ ਨੂੰ ਰੋਜ਼ਾਨਾ ਦੀ ਖ਼ੁਰਾਕ ਵਿਚ ਸ਼ਾਮਲ ਕਰੋ।



# ਨਾਗਰਿਕਤਾ ਕਾਨੂੰਨ ’ਚ ਬਦਲਾਅ ਮਗਰੋਂ ਪੁਰਖਿਆਂ ਦੇ ਰਿਕਾਰਡ ਲੱਭਣ ਲਈ ਦੌੜ ਸ਼ੁਰੂ




**ਵੈਨਕੂਵਰ** : ਕੈਨੇਡਾ ਵਿੱਚ ਨਾਗਰਿਕਤਾ ਕਾਨੂੰਨ ਵਿੱਚ ਕੀਤੀਆਂ ਨਵੀਆਂ ਸੋਧਾਂ ਤੋਂ ਬਾਅਦ ਨੋਵਾ ਸਕੋਸ਼ੀਆ ਸੂਬੇ ਵਿੱਚ ਵੰਸ਼ਾਵਲੀ ਰਿਕਾਰਡ (ਪੁਰਖਿਆਂ ਦੇ ਦਸਤਾਵੇਜ਼) ਪ੍ਰਾਪਤ ਕਰਨ ਲਈ ਅਰਜ਼ੀਆਂ ਵਿੱਚ ਅਚਾਨਕ ਵਾਧਾ ਇਕਦਮ ਤੇਜ਼ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਪਿਛਲੇ ਦਸੰਬਰ ਤੋਂ ਲਾਗੂ ਹੋਏ ਨਵੇਂ ਫੈਡਰਲ ਕਾਨੂੰਨ ਦੇ ਕਾਰਨ ਉਥੋਂ ਦੇ ਲੋਕ ਆਪਣੇ ਕੈਨੇਡੀਅਨ ਵੰਸ਼ ਨੂੰ ਸਾਬਤ ਕਰਨ ਲਈ ਪੁਰਾਣੇ ਰਿਕਾਰਡ ਖੰਗਾਲ ਰਹੇ ਹਨ, ਜਿਸ ਨਾਲ ਆਰਕਾਈਵਜ਼ ਅਤੇ ਵੰਸ਼ਾਵਲੀ ਵਿਦਵਾਨਾਂ ਕੋਲ ਪੁੱਛਗਿੱਛ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਸਿਟੀਜ਼ਨਸ਼ਿਪ ਐਕਟ ਵਿੱਚ ਸੋਧ ਕਰਕੇ ਬਿੱਲ ਸੀ-3 ਦੇ ਤਹਿਤ ਪਹਿਲੀ ਪੀੜ੍ਹੀ ਦੀ ਸੀਮਾ ਹਟਾਈ ਗਈ ਹੈ, ਜਿਸ ਨਾਲ ਉਥੋਂ ਦੇ ਕਈ ਲੋਕਾਂ ਲਈ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਦੇ ਨਵੇਂ ਮੌਕੇ ਖੁੱਲਣ ਦੀ ਆਸ ਹੈ। ਮਾਹਿਰਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਸਿਰਫ਼ ਅਧਿਕਾਰਕ ਅਤੇ ਭਰੋਸੇਯੋਗ ਰਿਕਾਰਡਾਂ ’ਤੇ ਹੀ ਨਿਰਭਰ ਕਰਨ ਅਤੇ ਸਹੀ ਜਾਣਕਾਰੀ ਦੇ ਆਧਾਰ ’ਤੇ ਅਰਜ਼ੀਆਂ ਦਾਖਲ ਕਰਨ।

# ਕੈਨੇਡਾ ਵੱਲੋਂ ਇਮੀਗ੍ਰੇਸ਼ਨ ਫੀਸ ਵਿਚ ਵਾਧਾ





ਟੋਰਾਂਟੋ : ਵਿਜ਼ਟਰ ਵੀਜ਼ਾ ’ਤੇ ਕੈਨੇਡਾ ਆਏ ਲੋਕਾਂ ਵੱਲੋਂ ਮੁਲਕ ਦੇ ਜੀ.ਡੀ.ਪੀ. ਵਿਚ ਅਰਬਾਂ ਡਾਲਰ ਦਾ ਯੋਗਦਾਨ ਪਾਉਣ ਦੀਆਂ ਰਿਪੋਰਟਾਂ ਦਰਮਿਆਨ ਪਰਮਾਨੈਂਟ ਰੈਜ਼ੀਡੈਂਸੀ ਸਣੇ ਕਈ ਇੰਮੀਗ੍ਰੇਸ਼ਨ ਸ਼੍ਰੇਣੀਆਂ ਦੀ ਫ਼ੀਸ 30 ਅਪ੍ਰੈਲ ਤੋਂ ਵਧਾਈ ਜਾ ਰਹੀ ਹੈ। ਜੀ ਹਾਂ, ਪੀ.ਆਰ. ਫ਼ੀਸ 575 ਡਾਲਰ ਤੋਂ ਵਧ ਕੇ 600 ਡਾਲਰ ਹੋ ਜਾਵੇਗੀ ਜਦਕਿ ਬਿਜ਼ਨਸ ਇੰਮੀਗ੍ਰੇਸ਼ਨ ਦੀ ਫ਼ੀਸ 1,810 ਡਾਲਰ ਤੋਂ ਵਧਾ ਕੇ 1,895 ਡਾਲਰ ਕੀਤੀ ਜਜ ਰਹੀ ਹੈ। ਐਕਸਪ੍ਰੈਸ ਐਂਟਰੀ ਅਤੇ ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ ਵਿਚ ਪ੍ਰਿੰਸੀਪਲ ਐਪਲੀਕੈਂਟ ਅਤੇ ਸਪਾਊਜ਼ ਵਾਸਤੇ ਪ੍ਰੋਸੈਸਿੰਗ ਫ਼ੀਸ 950 ਡਾਲਰ ਤੋਂ 990 ਡਾਲਰ ਕੀਤੀ ਜਾ ਰਹੀ ਹੈ। ਫੈਡਰਲ ਸਕਿਲਡ ਵਰਕਰ ਅਤੇ ਕੇਨੇਡੀਅਨ ਐਕਸਪੀਰੀਐਂਸ ਕਲਾਸ ਅਧੀਨ ਵਸੂਲ ਕੀਤੀ ਜਾਣ ਵਾਲੀ ਫ਼ੀਸ 1,365 ਡਾਲਰ ਤੋਂ ਵਧਾ ਕੇ 1,530 ਡਾਲਰ ਕਰ ਦਿਤੀ ਗਈ ਹੈ।

ਪੀ.ਆਰ. ਫ਼ੀਸ ਵਧਾ ਕੇ 1,530 ਡਾਲਰ ਕੀਤੀ ਸਪਾਊਜ਼ ਵਾਸਤੇ 1,300 ਡਾਲਰ ਅਤੇ ਹਰ ਨਿਰਭਰ ਬੱਚੇ ਵਾਸਤੇ 260 ਡਾਲਰ ਅਦਾ ਕਰਨੇ ਹੋਣਗੇ। ਫ਼ੈਮਿਲੀ ਸਪੌਂਸਰਸ਼ਿਪ ਕੇਸਾਂ ਵਿਚ ਪ੍ਰਿੰਸੀਪਲ ਐਪੀਕੈਂਟ ਫ਼ੀਸ 545 ਡਾਲਰ ਤੋਂ 570 ਡਾਲਰ ਕੀਤੀ ਜਾ ਰਹੀ ਹੈ ਜਦਕਿ ਸਪੌਂਸਰਸ਼ਿਪ ਫ਼ੀਸ 85 ਡਾਲਰ ਤੋਂ 90 ਡਾਲਰ ਹੋ ਜਾਵੇਗੀ। ਇਥੇ ਦਸਣਾ ਬਣਦਾ ਹੈ ਕਿ ਇੰਮੀਗ੍ਰੇਸ਼ਨ ਫ਼ੀਸਾਂ ਵਿਚ ਵਾਧਾ 30 ਅਪ੍ਰੈਲ ਤੋਂ ਲਾਗੂ ਹੋਵੇਗਾ ਪਰ ਸਿਟੀਜ਼ਨਸ਼ਿਪ ਫ਼ੀਸ 31 ਮਾਰਚ 123 ਡਾਲਰ ਹੋ ਜਾਵੇਗੀ। ਅੰਤਮ ਤਰੀਕ ਤੋਂ ਪਹਿਲਾਂ ਆਨਲਾਈਨ ਅਰਜ਼ੀਆਂ ਦਾਖ਼ਲ ਕਰਨ ਵਾਲੇ ਫ਼ੀਸ ਵਾਧੇ ਤੋਂ ਪ੍ਰਭਾਵਤ ਨਹੀਂ ਹੋਣਗੇ ਪਰ ਹਾਰਡ ਕੌਪੀ ਦਾਖਲ ਕਰਨ ਵਾਲਿਆਂ ਨੂੰ ਨਵੀਆਂ ਦਰਾਂ ਤਹਿਤ ਫ਼ੀਸ ਜਮ੍ਹਾਂ ਕਰਵਾਉਣ ਵਾਸਤੇ ਆਖਿਆ ਜਾ ਸਕਦਾ ਹੈ। ਦੂਜੇ ਪਾਸੇ ਕੈਨੇਡਾ ਦੀ ਟੂਰਿਜ਼ਮ ਇੰਡਸਟਰੀ ਨਾਲ ਸਬੰਧਤ ਰਿਪੋਰਟ ਖੁਸ਼ੀਆਂ ਖੇੜੇ ਲੈ ਕੇ ਆਈ ਜਿਸ ਮੁਤਾਬਕ 2025 ਦੇ ਅੰਤਮ ਤਿਮਾਹੀ ਦੌਰਾਨ ਇੰਟਰਨੈਸ਼ਨਲ ਵਿਜ਼ਟਰਜ਼ ਨੇ 6.4 ਅਰਬ ਡਾਲਰ ਖ਼ਰਚ ਕੀਤੇ ਅਤੇ ਇਹ ਅੰਕੜਾ 2024 ਦੀ ਅੰਤਮ ਤਿਮਾਹੀ ਦੇ ਮੁਕਾਬਲੇ 3.6 ਫ਼ੀ ਸਦੀ ਵੱਧ ਬਣਦਾ ਹੈ।

ਫ਼ੈਮਿਲੀ ਸਪੌਂਸਰਸ਼ਿਪ ਅਤੇ ਬਿਜ਼ਨਸ ਇੰਮੀਗ੍ਰੇਸ਼ਨ ਵੀ ਮਹਿੰਗੇ ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਕਹਿੰਦੀ ਹੈ ਕਿ ਮੁਲਕ ਵਿਚ ਸੈਰ ਸਪਾਟਾ ਖੇਤਰ ਦੀ ਕੁਲ ਕਮਾਈ ਵਿਚੋਂ 24 ਫ਼ੀ ਸਦੀ ਹਿੱਸਾ ਇੰਟਰਨੈਸ਼ਨਲ ਵਿਜ਼ਟਰਜ਼ ਨੇ ਖ਼ਰਚ ਕੀਤਾ। ਅਮਰੀਕਾ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਘਟਣ ਦੇ ਬਾਵਜੂਦ ਕੌਮਾਂਤਰੀ ਸੈਲਾਨੀ ਉਦਯੋਗ ਨੂੰ ਮਿਲਿਆ ਹੁਲਾਰਾ ਆਸ ਦੀ ਨਵੀਂ ਕਿਰਨ ਨਜ਼ਰ ਆ ਰਿਹਾ ਹੈ। ਇਥੇ ਦਸਣਾ ਬਣਦਾ ਹੈ ਕਿ ਡੌਨਲਡ ਟਰੰਪ ਪਿਛਲੇ ਸਮੇਂ ਦੌਰਾਨ ਕੈਨੇਡਾ ਨੂੰ ਆਪਣਾ 51ਵਾਂ ਸੂਬਾ ਦੱਸ ਚੁੱਕੇ ਹਨ ਅਤੇ ਇੰਮੀਗ੍ਰੇਸ਼ਨ ਸਖ਼ਤੀ ਕਰ ਕੇ ਕੈਨੇਡਾ ਵਾਲਿਆਂ ਨੇ ਅਮਰੀਕਾ ਦੇ ਗੇੜੇ ਬੇਹੱਦ ਘਟਾ ਦਿਤੇ।




Pure for Sure
Prabu
www.prabufoods.com
7035 128 St #106, Surrey, BC V3W 4E1

WALKER HOUSE




NOW SELLING

NORTH DELTA'S FLAGSHIP
HIGH-RISE COMMUNITY

Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.

**Starting from the mid $400s. Parking included.**

BOOK A PRIVATE VIEWING
WalkerHouseDelta.com

BMG REAL ESTATE BUILDING COMMUNITIES

MARKETING BY rennie

This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਪੰਜਾਬੀਅਤ ਦੇ ਬਾਗ਼ ਦੀ ਕੋਇਲ
# ਸੁਰਿੰਦਰ ਕੌਰ



ਵੀਹਵੀਂ ਸਦੀ ਦੇ ਸੰਗੀਤ ਦਾ ਹੁਸੀਨ ਬਾਗ਼ ਅਤੇ ਪੰਜਾਬ ਦੀ ਕੋਇਲ ਕਹਾਉਣ ਵਾਲੀ ਸੁਰਿੰਦਰ ਕੌਰ ਨੇ ਪੰਜਾਬੀ ਮਿੱਟੀ ਦੀ ਖ਼ੁਸ਼ਬੋ ਨੂੰ ਸੁਰਾਂ 'ਚ ਢਾਲ ਕੇ ਅਜਿਹਾ ਨਿਰੋਲ ਪੰਜਾਬੀ ਸੁਰ-ਸੰਸਾਰ ਸਿਰਜਿਆ ਜਿਸ ਦੀ ਪ੍ਰਤੀਧੁਨੀ ਆਉਣ ਵਾਲੀਆਂ ਸਦੀਆਂ ਤੱਕ ਫਿਜ਼ਾ 'ਚ ਗੂੰਜਦੀ ਰਹੇਗੀ। ਸੁਰਿੰਦਰ ਕੌਰ ਤੇ ਉਸ ਦੀ ਭੈਣ ਪ੍ਰਕਾਸ਼ ਕੌਰ ਦੀ ਗਾਇਕੀ ਦਾ ਯੁੱਗ ਹੁਣ ਦੇ ਤਕਨੀਕੀ ਤਾਮ-ਝਾਮ ਵਾਲੇ ਤਿੱਖੇ ਤੇ ਕੰਨਖਾਊ ਰੌਲੇ-ਰੱਪੇ ਵਾਲੇ ਯੁੱਗ ਤੋਂ ਵੱਖਰਾ ਸੀ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਨੂੰ ਲਾਹੌਰ ਵਿੱਚ ਹੋਇਆ ਸੀ। ਉਸ ਨੇ ਬਾਰਾਂ ਸਾਲ ਦੀ ਉਮਰ ਵਿੱਚ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਮਾਸਟਰ ਇਨਾਇਤ ਹੁਸੈਨ ਅਤੇ ਪੰਡਿਤ ਮਨੀ ਪ੍ਰਸ਼ਾਦ ਕੋਲੋਂ ਕਲਾਸੀਕਲ ਗਾਇਕੀ ਸਿੱਖੀ। ਉਨ੍ਹਾਂ ਸਮਿਆਂ ਵਿੱਚ ਆਲ ਇੰਡੀਆ ਰੇਡੀਓ ਜਲੰਧਰ ਦੇ ਯੋਗਦਾਨ ਨੂੰ ਨਕਾਰਿਆ ਨਹੀਂ ਜਾ ਸਕਦਾ। ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗਾਏ ਗੀਤਾਂ ਦੀਆਂ ਰਸ-ਭਿੰਨੀਆਂ ਸੁਰਾਂ ਨੇ ਮੇਰੀ ਪੀੜ੍ਹੀ ਦੇ ਗ਼ਰੀਬੜੇ ਜਿਹੇ ਬਚਪਨ ਨੂੰ ਜੋ ਰੂਹ ਦੀ ਅਮੀਰੀ ਬਖ਼ਸ਼ੀ, ਉਹ ਹੁਣ ਵਾਲੀ ਪਨੀਰੀ ਨੂੰ ਕਿੱਥੇ ਨਸੀਬ ਹੋਣੀ ਹੈ!

ਸ਼ਾਮ ਨੂੰ ਰੋਜ਼ ਘਰ ਵਿੱਚ ਰੇਡੀਓ ਵੱਜਦਾ ਤਾਂ ਸਾਡਾ ਗਲੀ ਦੀ ਮਿੱਟੀ 'ਚ ਖੇਡਦਿਆਂ ਦਾ ਧਿਆਨ ਬਦੋਬਦੀ ਸੁਰਿੰਦਰ ਕੌਰ ਦੀ ਘਰ-ਘਰ ਵੱਜ ਰਹੇ ਰੇਡੀਓ ਰਾਹੀਂ ਸੁਣ ਰਹੀ ਮਿੱਠੀ-ਮਿੱਠੀ ਆਵਾਜ਼ ਵੱਲ ਚਲਾ ਜਾਂਦਾ। ਸੁਰਾਂ ਦੇ ਨਾਲ ਨਾਲ ਬੋਲ ਵੀ ਇੰਨੇ ਸਪੱਸ਼ਟ ਅਤੇ ਮਨਮੋਹਣੇ ਹੁੰਦੇ ਸਨ ਕਿ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤ ਬਿਨਾਂ ਯਤਨ ਕੀਤਿਆਂ ਆਪ ਹੀ ਯਾਦ ਹੋ ਜਾਂਦੇ ਸਨ। 'ਵੇ ਲੈ ਦੇ ਮੈਨੂੰ ਮਖ਼ਮਲ ਦੀ ਪੱਖੀ ਘੁੰਗਰੂਆਂ ਵਾਲੀ', 'ਮਾਵਾਂ ਤੇ ਧੀਆਂ ਰਲ ਬੈਠੀਆਂ', 'ਬਾਜਰੇ ਦਾ ਸਿੱਟਾ ਅਸਾਂ ਤਲੀ 'ਤੇ ਮਰੋੜਿਆ', 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ' ਆਦਿ ਗੀਤਾਂ ਤੋਂ ਤਾਂ ਪੰਜਾਬੀਆਂ ਦੀਆਂ ਪਿਛਲੀਆਂ ਪੀੜ੍ਹੀਆਂ 'ਚੋਂ ਕੋਈ ਵੀ ਨਾਵਾਕਿਫ਼ ਨਹੀਂ।

ਸੁਰਿੰਦਰ ਕੌਰ ਦੇ ਵਿਦਿਆਨਾਥ ਸੇਠ ਨਾਲ ਗਾਏ ਉਹ ਤਿੰਨ ਗੀਤ ਖ਼ਾਸ ਤੌਰ 'ਤੇ ਯਾਦ ਆਉਂਦੇ ਰਹਿੰਦੇ ਹਨ, ਜਿਨ੍ਹਾਂ ਦੇ ਬੋਲ, ਸੁਰ-ਬਣਤਰ ਅਤੇ ਸੰਗੀਤ ਬਣਾਉਣ ਵਾਲਿਆਂ ਨੂੰ ਜੀਨੀਅਸ ਕਹਿਣਾ ਚਾਹੀਦਾ ਹੈ। ਅਸੀਂ ਪੰਜਾਬੀ ਆਪਣੇ ਸੱਭਿਆਚਾਰ ਦੇ ਵਾਰਿਸਾਂ ਅਤੇ ਰਚੇਤਿਆਂ ਨੂੰ ਯਾਦ ਰੱਖਣ ਦੇ ਸ਼ੌਕੀਨ ਹੀ ਕਦੋਂ ਹਾਂ? ਸੁਰਿੰਦਰ ਕੌਰ ਤੇ ਸੇਠ ਵਿਦਿਆਨਾਥ ਦੇ ਜਿਨ੍ਹਾਂ ਗੀਤਾਂ ਦਾ ਜ਼ਿਕਰ ਮੈਂ ਕਰਨ ਜਾ ਰਹੀ ਹਾਂ ਉਨ੍ਹਾਂ ਦੇ ਰਿਕਾਰਡ ਜਾਪਦਾ ਹੈ, ਆਲ ਇੰਡੀਆ ਰੇਡੀਓ ਜਲੰਧਰ ਵਾਲਿਆਂ ਨੇ ਸਾਂਭ ਕੇ ਰੱਖੇ ਹੀ ਨਹੀਂ ਅਤੇ ਜੇ ਕਿਤੇ ਕਿਸੇ ਨਵੀਂ ਤਕਨਾਲੋਜੀ ਮੁਤਾਬਿਕ ਸਾਂਭੇ ਵੀ ਹੋਣ ਤਾਂ ਕਦੇ ਵਜਾਏ-ਸੁਣਾਏ ਹੀ ਨਹੀਂ ਹੋਣੇ। ਵਰਨਾ ਇਹ ਕਦੇ ਤਾਂ ਕੰਨਾਂ 'ਚ ਪੈ ਜਾਂਦੇ। ਸੱਤਰ-ਪਝੱਤਰ ਸਾਲ ਪਹਿਲਾਂ ਦੇ ਸੁਣੇ ਉਹ ਗੀਤ ਹਨ;

***ਬੇਲੀ ਬੇਲੀ ਕਰੇਂ ਬੇਲੀਆ ਕੋਈ ਨਾ ਤੇਰਾ ਬੇਲੀ…**

*** ਲਿਸ਼ਕ ਲੈ ਤੇ ਸੱਜ ਲੈ ਤੂੰ ਜਿੰਨਾ ਸੱਜਣਾ,**
**ਮਿੱਟੀ ਦਿਆ ਭਾਂਡਿਆਂ ਅਖੀਰ ਭੱਜਣਾ…**

*** ਗੱਲ ਆਪਣੇ ਤੂੰ ਮੁਫ਼ਤ ਦੀ ਬਿਪਤਾ ਏ ਪਾ ਲਈ,**
**ਲੱਭਾ ਈ ਦੁਨੀਆ ਵਾਲਿਆ ਦੁਨੀਆ ਬਣਾ ਕੇ ਕੀ…**

ਸ਼ਾਇਦ ਅਜਿਹਾ ਦੋ-ਗਾਣਾ ਕੋਈ ਹੋਰ ਵੀ ਹੋਵੇ, ਪਰ ਮੇਰੇ ਜ਼ਿਹਨ ਵਿੱਚ ਇਹ ਤਿੰਨ ਗੀਤ ਅੱਜ ਵੀ ਗੂੰਜਦੇ ਰਹਿੰਦੇ ਹਨ। ਅਸੀਂ ਕਿੰਨੀ ਵਧੀਆ ਵਿਰਾਸਤ ਭੁਲਾਈ ਅਤੇ ਰੋਲੀ ਬੈਠੇ ਹਾਂ!

ਕੁਝ ਗੀਤ ਸੁਰਿੰਦਰ ਕੌਰ ਨੇ ਭਾਰਤੀ ਫਿਲਮ ਉਦਯੋਗ ਲਈ ਵੀ ਗਾਏ ਜੋ ਲਗਭਗ ਸਾਰੇ ਹੀ ਹਿੱਟ ਸਾਬਤ ਹੋਏ। ਸੁਰਿੰਦਰ ਕੌਰ ਦੇ ਪਤੀ ਕਸਬ ਤੋਂ ਪ੍ਰੋਫੈਸਰ ਸਨ ਤੇ ਸੁਰਿੰਦਰ ਦੀ ਗਾਇਕੀ ਦੀ ਬਰਕਰਾਰੀ ਦਾ ਸਿਹਰਾ ਉਨ੍ਹਾਂ ਨੂੰ ਵੀ ਜਾਂਦਾ ਹੈ। ਸੁਰਿੰਦਰ ਕੌਰ ਨੇ 1948 ਤੋਂ 1952 ਤੱਕ ਦੇ ਸਮੇਂ ਵਿੱਚ ਫਿਲਮੀ ਪਲੇਅਬੈਕ ਗਾਇਕੀ ਕੀਤੀ। ਫਿਲਮ 'ਸ਼ਹੀਦ' ਦੇ ਗੀਤ ਤਾਂ ਭੁਲਾਏ ਹੀ ਨਹੀਂ ਜਾ ਸਕਦੇ।

ਇਨ੍ਹਾਂ ਗੀਤਾਂ ਦੀ ਅਦਾਇਗੀ ਵਿੱਚ ਸੁਰਿੰਦਰ ਕੌਰ ਦੀ ਆਵਾਜ਼ ਦੀ ਮਧੁਰਤਾ, ਬੁਲੰਦੀ, ਗੂੰਜ ਅਤੇ ਤਲੱਫ਼ਜ਼ ਦੀ ਸਪੱਸ਼ਟਤਾ ਕਮਾਲ ਦੀ ਹੈ। 'ਸ਼ਹੀਦ' ਤੋਂ ਇਲਾਵਾ ਸੁਰਿੰਦਰ ਕੌਰ ਨੇ ਹੋਰ ਵੀ ਕਈ ਫਿਲਮਾਂ ਜਿਵੇਂ 'ਪਿਆਰ ਕੀ ਜੀਤ', 'ਨਦੀਆ ਕੇ ਪਾਰ', 'ਸਾਂਵਰੀਆ' ਆਦਿ ਵਿੱਚ ਗੀਤ ਗਾਏ ਸਨ। ਜੇ ਸੁਰਿੰਕਰ ਕੌਰ ਫਿਲਮਾਂ 'ਚ ਗਾਉਂਦੀ ਰਹਿੰਦੀ ਤਾਂ ਹੋਰ ਨਾਮਣਾ ਖੱਟਦੀ। ਉਸ ਦੀ ਆਵਾਜ਼ ਵਿੱਚ ਫਿਲਮ 'ਸ਼ਹੀਦ' ਦੇ ਗੀਤ ਅਭਿਨੇਤਰੀ ਕਾਮਿਨੀ ਕੌਸ਼ਲ ਉਤੇ ਫਿਲਮਾਏ ਗਏ ਸਨ। ਸੁਰਿੰਦਰ ਕੌਰ ਦੇ ਗਾਏ ਫਿਲਮੀ ਗੀਤਾਂ 'ਚੋਂ ਕੁਝ ਹਨ;

* ਉਜੜਾ ਉਮੀਦੋਂ ਕਾ ਚਮਨ ਹਾਏ ਹਮ ਕਹਾਂ ਔਰ ਤੁਮ ਕਹਾਂ

* ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ

* ਆਨਾ ਹੈ ਤੋ ਆ ਜਾਓ ਗਰ ਅਬ ਭੀ ਨਾ ਆਓਗੇ

**ਹਮ ਤੁਮ ਕੋ ਨਾ ਪਾਏਂਗੇ ਤੁਮ ਹਮ ਕੋ ਨਾ ਪਾਓਗੇ**

ਫਿਲਮ 'ਸ਼ਹੀਦ' ਦੇ ਗੀਤਾਂ ਵਿੱਚ ਗਾਇਕਾ ਦੀ ਆਵਾਜ਼ ਦੀ ਜੋ ਗੋਲਾਈ ਝਲਕਦੀ ਹੈ, ਉਹ ਅਜੋਕੀ ਕਦੇ-ਘੱਗੀ-ਕਦੇ-ਤਿੱਖੀ ਫਿਲਮੀ ਗਾਇਕੀ 'ਚੋਂ ਨਹੀਂ ਲੱਭ ਸਕਦੀ। ਇਸ ਫਿਲਮ ਦਾ ਸੰਗੀਤ ਗ਼ੁਲਾਮ ਹੈਦਰ ਨੇ ਦਿੱਤਾ ਸੀ।

ਸੰਗੀਤਕਾਰ ਗਿਆਨ ਦੱਤ ਨੇ 1949 ਵਿੱਚ ਫਿਲਮ 'ਸੁਨਹਿਰੇ ਦਿਨ' ਦਾ ਸੰਗੀਤ ਦਿੱਤਾ ਸੀ, ਜਿਸ ਦੇ ਦੋ ਗੀਤ 'ਦਿਲ ਦੋ ਨੈਨੋਂ ਮੇਂ ਖੋ ਗਯਾ ਭਲਾ ਹੁਆ ਯਾ ਬੁਰਾ ਹੁਆ' ਅਤੇ 'ਲੋ ਜੀ ਸੁਨ ਲੋ ਤੁਮ ਸੇ ਕਹਤੇ ਹੈਂ ਅਬ ਤੁਮ ਬਿਨ ਚੈਨ ਨਹੀਂ ਆਏ।' ਸੁਰਿੰਦਰ ਕੌਰ ਦੇ ਕੁਝ ਦੋਗਾਣੇ ਮੁਕੇਸ਼ ਨਾਲ ਗਾਏ ਵੀ ਮਸ਼ਹੂਰ ਹੋਏ।

14 ਜੂਨ 2006 ਨੂੰ ਸੁਰਿੰਦਰ ਕੌਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਸ ਨੂੰ 1984 ਵਿੱਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਮਿਲਿਆ ਅਤੇ 2006 ਵਿੱਚ ਪਦਮ ਸ਼੍ਰੀ ਐਵਾਰਡ। ਸੁਰਿੰਦਰ ਕੌਰ ਵਾਲਾ ਯੁੱਗ ਤਾਂ ਮੁੜ ਕੇ ਨਹੀਂ ਆਉਣਾ, ਪਰ ਉਸ ਦੀ ਬੇਟੀ ਡੌਲੀ ਗੁਲੇਰੀਆ ਤੇ ਹੋਰ ਪਰਿਵਾਰਕ ਪੀੜ੍ਹੀ ਸੁਰਿੰਦਰ ਕੌਰ ਦੀ ਸੰਗੀਤਕ ਵਿਰਾਸਤ ਨੂੰ ਯਥਾਸੰਭਵ ਅੱਗੇ ਤੋਰ ਰਹੀ ਹੈ।

# ਬਾਲੀਵੁੱਡ

## ਹਨੀ ਸਿੰਘ ਤੇ ਬਾਦਸ਼ਾਹ ਨੂੰ ਹਾਈ ਕੋਰਟ ਤੋਂ ਵੱਡਾ ਝਟਕਾ
### ਗਾਣਾ ਡਿਲੀਟ ਕਰਨ ਦੇ ਹੁਕਮ ਜਾਰੀ



ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਮਸ਼ਹੂਰ ਗਾਇਕ ਹਨੀ ਸਿੰਘ ਅਤੇ ਬਾਦਸ਼ਾਹ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਦਿੱਲੀ ਹਾਈਕੋਰਟ ਨੇ ਦੋਵਾਂ ਦੇ ਵਿਵਾਦਿਤ ਗੀਤ 'Volume 1' ਨੂੰ ਲੈ ਕੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਇਸ ਨੂੰ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਮਿਊਜ਼ਿਕ ਸਟ੍ਰੀਮਿੰਗ ਐਪਸ ਤੋਂ ਤੁਰੰਤ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ।

**ਅਦਾਲਤ ਦੀਆਂ ਸਖ਼ਤ ਟਿੱਪਣੀਆਂ**

ਹਾਈਕੋਰਟ ਨੇ ਇਸ ਗੀਤ ਦੀ ਸ਼ਬਦਾਵਲੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਗੀਤ ਮਨੁੱਖੀ ਜ਼ਮੀਰ ਨੂੰ ਝੰਜੋੜਨ ਵਾਲਾ ਹੈ। ਅਦਾਲਤ ਨੇ ਗੀਤ ਨੂੰ ਬੇਹੱਦ ਇਤਰਾਜ਼ਯੋਗ, ਅਸ਼ਲੀਲ ਅਤੇ ਘਿਨਾਉਣਾ ਕਰਾਰ ਦਿੱਤਾ ਹੈ। ਬੈਂਚ ਨੇ ਕਿਹਾ ਕਿ ਇਸ ਗੀਤ ਦੇ ਬੋਲ ਔਰਤਾਂ ਪ੍ਰਤੀ ਅਤਿ ਦਰਜੇ ਦੀ ਬਦਤਮੀਜ਼ੀ ਅਤੇ ਅਪਮਾਨ ਨਾਲ ਭਰੇ ਹੋਏ ਹਨ। ਅਦਾਲਤ ਅਨੁਸਾਰ, ਕੋਈ ਵੀ ਸੱਭਿਅਕ ਸਮਾਜ ਅਜਿਹੀ ਸਮੱਗਰੀ ਨੂੰ ਡਿਜ਼ੀਟਲ ਪਲੇਟਫਾਰਮਾਂ 'ਤੇ ਰਹਿਣ ਦੀ ਇਜਾਜ਼ਤ ਨਹੀਂ ਦੇ ਸਕਦਾ।

**ਕੀ ਹੈ ਪੂਰਾ ਮਾਮਲਾ?**

ਦੱਸਣਯੋਗ ਹੈ ਕਿ 'Volume 1' ਕਈ ਸਾਲ ਪੁਰਾਣਾ ਗੀਤ ਹੈ, ਜਿਸ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਹਾਲਾਂਕਿ ਕਈ ਵਾਰ ਇਸ ਨੂੰ ਹਟਾਉਣ ਦੀ ਮੰਗ ਉੱਠੀ ਸੀ, ਪਰ ਹੁਣ ਦਿੱਲੀ ਹਾਈਕੋਰਟ ਨੇ ਸਖ਼ਤੀ ਦਿਖਾਉਂਦੇ ਹੋਏ ਇਸ ਨੂੰ ਪੂਰੀ ਤਰ੍ਹਾਂ ਬੈਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੇ ਗੀਤ ਸਮਾਜਿਕ ਤਾਣੇ-ਬਾਣੇ ਅਤੇ ਨੈਤਿਕਤਾ ਲਈ ਖ਼ਤਰਾ ਹਨ।

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
|---|---|---|---|
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

Vol. 20, Issue: 14

Friday, APR 03, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Canada's housing market shows no signs of sales growth momentum

Resales in Canada's real estate market continue to slide, a new report has found, showing little signs of momentum toward a recovery. National Bank of Canada Capital Markets published its Housing Market Monitor report in March, finding sales edged downward month over month in February more than one per cent. That is the fourth consecutive monthly decline.

The largest percentage decreases occurred in Saskatchewan at nearly eight per cent, and Newfoundland and New Brunswick, both at almost seven per cent.

Ontario saw month-over-month sales drop about six per cent, while British Columbia sales fell nearly two per cent.

Alberta experienced a month-over-month gain in sales of nearly two per cent. Manitoba and Prince Edward Island saw the most growth percentage-wise, both seeing about 13 per cent gains.

On an annual basis, sales were down nationally about eight per cent, marking the fifth month of annual price declines in the last six, National Bank noted.

Sales were down year over year in all provinces, except P.E.I. There, sales grew about three per cent.

Manitoba experienced the largest decline at nearly 31 per cent. Alberta saw a nearly nine per cent year-over-year drop.

The report noted that new listings declined almost four per cent nationally in February from January.

It pointed to more listings coming off the market, citing an average of 22 per cent coming off the market over the last three months.

Despite the drop in listings, the Teranet–National Bank Composite National House Price Index fell 0.5 per cent month over month. Eight out of 11 markets saw price decreases. Calgary and Edmonton, though, were among the standouts. Calgary had flat price growth month over month while Edmonton experienced about a one per cent increase.


Lifestyle
REAL ESTATE GROUP

$4,500,000



12010 - 265A Street

1.5 acre ultimate multi generational estate property in Forest Hills!

$355,500



#61-32959 George Ferguson

Spacious, bright, updatec 2 bdrm upper END unit in Oakhurst Park

$1,388,000




11895 - 82A Avenue

Beautifully updated 5 bdrm, 3 bath home with a 4 car garage in move in condition!

$879,000



#17 - 19932 - 70 Ave

Spacious corner unit. 3 bdrm, 3.5 bath townhome in sought after complex!

$895,000



#20 - 15273 - 24th Ave

Renovated 3 bdrm 3 bath in 55+ complex in South Surrey!

$1,498,000



#12-13210 Shoesmith

Custom designed oper concept 3200+ sqft executive rancher in Rock Point!



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle
REAL ESTATE GROUP



HARMINDER S. PATTAR PREC

COLDWELL BANKER UNIVERSE REALTY

604-377-2854

BUILDERS OR INVESTOR ALERT!
I have BIG Chinese Investors, they are looking for Investment in Multi-family Townhouses and Hotel sites. Call for more details.



2681 E 41 AVE, VANCOUVER

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~

$2,288,000

COMMERCIAL PLAZA FOR SALE
2638-2640 CEDAR PARK PLACE, ABBOTSFORD



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

$6,699,000

5942 LAUREL ST VANCOUVER




WELL KEPT OLD HOUSE WITH 6800 sq FT LOT OVER 3000 SQ FT HIUSE ,5bed ROOM , 4 Bathrooms ON QUEITE ST ,, build DUPLX GOOD HOLDING PROPERTY ASKING 3.1 ML MORE INFORMATION PLS CALL

$2,945,000

1035 23200 GILLEY ROAD




This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the

$799,999

#45 12036 66 AVE, SURREY
$799,000



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

$799,000


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# ਕੈਨੇਡਾ ਦੇ ਸਰੀ ਵਿੱਚ ਭਾਰਤੀ ਮੂਲ ਦੇ ਨੌਜਵਾਨ ਦਾ ਗੋਲੀ ਮਾਰ ਕੇ ਕਤਲ

ਕੈਨੇਡਾ ਦੇ ਸਰੀ ਵਿੱਚ ਭਾਰਤੀ ਮੂਲ ਦੇ ਇੱਕ ਨੌਜਵਾਨ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ, ਜਿਸ ਨੂੰ ਸੰਗਠਿਤ ਅਪਰਾਧ ਨਾਲ ਜੁੜੀ ਘਟਨਾ ਮੰਨਿਆ ਜਾ ਰਿਹਾ ਹੈ। ਇਹ ਵਾਰਦਾਤ ਸ਼ਨੀਵਾਰ ਰਾਤ ਨੂੰ ਸਰੀ ਦੇ ਸਲੀਵਨ ਹਾਈਟਸ ਇਲਾਕੇ ਵਿੱਚ ਇੱਕ ਟਾਊਨਹਾਊਸ ਕੰਪਲੈਕਸ ਵਿੱਚ ਵਾਪਰੀ।

ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ੀਠ) ਨੇ ਮ੍ਰਿਤਕ ਦੀ ਪਛਾਣ 27 ਸਾਲਾ ਜਸਮਨ ਸੇਖੋਂ ਵਜੋਂ ਕੀਤੀ ਹੈ। ਪੁਲੀਸ ਅਨੁਸਾਰ ਸੇਖੋਂ ਪਹਿਲਾਂ ਵੀ ਪੁਲੀਸ ਦੀਆਂ ਨਜ਼ਰਾਂ ਵਿੱਚ ਸੀ ਅਤੇ ਉਸ ਦੇ ਨਸ਼ਾ ਤਸਕਰੀ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ, ਜਿਸ ਕਾਰਨ ਇਹ ਇੱਕ ਟਾਰਗੇਟਿਡ ਹਮਲਾ ਜਾਪਦਾ ਹੈ।

ਚਸ਼ਮਦੀਦਾਂ ਮੁਤਾਬਕ ਇੱਕ ਗੂੜ੍ਹੇ ਰੰਗ ਦੀ ਸੂੜ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਵਿੱਚੋਂ ਨਿਕਲੇ ਦੋ ਵਿਅਕਤੀਆਂ ਨੇ ਗੋਲੀਆਂ ਚਲਾ ਦਿੱਤੀਆਂ। ਘਟਨਾ ਵਾਲੀ ਥਾਂ ਦੇ ਨੇੜੇ ਇੱਕ ਸੜਦੀ ਹੋਈ ਗੱਡੀ ਵੀ ਬਰਾਮਦ ਹੋਈ ਹੈ, ਜੋ ਅਕਸਰ ਗੈਂਗਵਾਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਸਰੀ ਵਿੱਚ ਪਿਛਲੇ 48 ਘੰਟਿਆਂ ਵਿੱਚ ਗੋਲੀਬਾਰੀ ਦੀ ਇਹ ਚੌਥੀ ਘਟਨਾ ਹੈ ਅਤੇ ਅਧਿਕਾਰੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ।



# ਹਲਵਾਰਾ ਹਵਾਈ ਅੱਡੇ ਤੋਂ ਨਵੀਂ ਦਿੱਲੀ ਲਈ ਪਹਿਲੀ ਉਡਾਣ 15 ਮਈ ਤੋਂ

**ਚੰਡੀਗੜ੍ਹ:** ਪੰਜਾਬ ਦੀ ਉਦਯੋਗਿਕ ਰਾਜਧਾਨੀ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ ਤੋਂ 15 ਮਈ, 2026 ਨੂੰ ਉਡਾਣਾਂ ਸ਼ੁਰੂ ਹੋ ਜਾਣਗੀਆਂ ਤੇ ਜਲਦ ਹੀ ਫਲਾਈਟ ਬੁਕਿੰਗ ਵੀ ਸ਼ੁਰੂ ਹੋਵੇਗੀ । ਸ਼ੁਰੂਆਤ ‘ਚ ਏਅਰ ਇੰਡੀਆ ਦੀਆਂ ਦੋ ਉਡਾਣਾਂ ਲੁਧਿਆਣਾ ਨੂੰ ਦਿੱਲੀ ਨਾਲ ਜੋੜਨਗੀਆਂ, ਜਿਸ ਨਾਲ 30 ਸਾਲਾਂ ਦਾ ਸੁਪਨਾ ਸਾਕਾਰ ਹੋਵੇਗਾ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਪਣੀ ਪਤਨੀ ਨਾਲ 15 ਮਈ, 2026 ਨੂੰ ਦਿੱਲੀ ਤੋਂ ਹਲਵਾਰਾ ਜਾਣ ਵਾਲੀ ਪਹਿਲੀ ਫਲਾਈਟ ਬੁੱਕ ਕਰਵਾਈ ਹੈ, ਜੋ ਕਿ ਇਸ ਇਤਿਹਾਸਕ ਸਫਰ ‘ਚ ਨਿੱਜੀ ਅਤੇ ਜਨਤਕ ਮੀਲ ਪੱਥਰ ਦਾ ਪ੍ਰਤੀਕ ਹੈ।

ਏਅਰਲਾਈਨਜ਼ ਦੇ ਸੂਤਰਾਂ ਅਨੁਸਾਰ ਦਿੱਲੀ-ਲੁਧਿਆਣਾ-ਦਿੱਲੀ ਸੈਕਟਰ ਦੀਆਂ ਟਿਕਟਾਂ ਤੇਜ਼ੀ ਨਾਲ ਵਿਕ ਰਹੀਆਂ ਹਨ । ਉਡਾਣਾਂ ਦੀ ਸ਼ੁਰੂਆਤ ਨਿਰੰਤਰ ਯਤਨਾਂ ਦਾ ਨਤੀਜਾ ਹੈ, ਜੋ ਸੰਜੀਵ ਅਰੋੜਾ ਦੀ ਖੇਤਰੀ ਸੰਪਰਕ ਨੂੰ ਮਜ਼ਬੂਤ ਕਰਨ ਅਤੇ ਪੰਜਾਬ, ਖਾਸ ਤੌਰ ‘ਤੇ ਲੁਧਿਆਣਾ ਅਤੇ ਇਸਦੇ ਆਸ-ਪਾਸ ਦੇ ਜ਼ਿਲ੍ਹਿਆਂ ਲਈ ਆਰਥਿਕ ਵਿਕਾਸ ‘ਚ ਤੇਜ਼ੀ ਲਿਆਉਣ ਪ੍ਰਤੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ । ਸੂਬਾ ਸਰਕਾਰ ਨੇ ਇਸ ਚਿਰੋਕਣੇ ਪ੍ਰਾਜੈਕਟ ਨੂੰ ਮੁੜ ਸੁਰਜੀਤ ਕਰਨ ਅਤੇ ਇਸ ‘ਚ ਤੇਜ਼ੀ ਲਿਆਉਣ ‘ਚ ਅਹਿਮ ਭੂਮਿਕਾ ਨਿਭਾਈ ਹੈ ।

JASSAL SIGNS

*From Concept to Completion*







- *Vehicle Wraps*
- *Business Cards*
  *Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਚੰਡੀਗੜ੍ਹ 'ਚ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਬਾਹਰ ਧਮਾਕਾ

**ਚੰਡੀਗੜ੍ਹ:** ਚੰਡੀਗੜ੍ਹ ਦੇ ਸੈਕਟਰ-37 ਏ ਸਥਿਤ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਬਾਹਰ ਬੁੱਧਵਾਰ ਸ਼ਾਮ ਲਗਭਗ 5 ਵਜੇ ਇਕ ਜ਼ੋਰਦਾਰ ਧਮਾਕਾ ਹੋਇਆ, ਜਿਸ ਨਾਲ ਇਲਾਕੇ 'ਚ ਦਹਿਸ਼ਤ ਫੈਲ ਗਈ। ਧਮਾਕੇ ਕਾਰਨ ਪਾਰਕਿੰਗ ਵਿਚ ਖੜ੍ਹੀਆਂ ਕਈ ਗੱਡੀਆਂ ਦੇ ਸ਼ੀਸ਼ੇ ਟੁੱਟ ਗਏ, ਜਦਕਿ ਦਫ਼ਤਰ ਦੀ ਕੰਧ 'ਤੇ ਕਈ ਛੱਰ੍ਹਿਆਂ ਵਰਗੇ ਨਿਸ਼ਾਨ ਵੀ ਬਣ ਗਏ। ਧਮਾਕੇ ਦੀ ਸੂਚਨਾ ਮਿਲਦੇ ਹੀ ਪਹਿਲਾਂ ਡੀ.ਐਸ.ਪੀ. ਧੀਰਜ ਕੁਮਾਰ ਦੀ ਅਗਵਾਈ ਹੇਠ ਥਾਣਾ ਸੈਕਟਰ-39 ਦੀ ਪੁਲਿਸ ਅਤੇ ਆਪਰੇਸ਼ਨ ਸੈੱਲ ਸਮੇਤ ਵੱਖ-ਵੱਖ ਟੀਮਾਂ ਫੌਰੀ ਤੌਰ 'ਤੇ ਮੌਕੇ 'ਤੇ ਪਹੁੰਚ ਗਈਆਂ। ਇਸ ਦੇ ਨਾਲ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਵੀ ਸੁਰੱਖਿਆ ਦੇ ਮੱਦੇਨਜ਼ਰ ਤੁਰੰਤ ਬੁਲਾ ਲਿਆ ਗਿਆ। ਇਸ ਤੋਂ ਇਲਾਵਾ ਫੌਜ ਅਤੇ ਰਾਸ਼ਟਰੀ ਜਾਂਚ ਏਜੰਸੀ (ਐਨ. ਆਈ. ਏ.) ਦੀਆਂ ਟੀਮਾਂ ਨੇ ਵੀ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ। ਬੰਬ ਨਿਰੋਧਕ ਦਸਤੇ, ਡੌਗ ਸਕੁਐਡ ਅਤੇ ਕੇਂਦਰੀ ਫੋਰੈਂਸਿਕ ਸਾਇੰਸ ਲੈਬੋਰੇਟਰੀ ਮਾਹਿਰਾਂ ਵਲੋਂ ਸਾਰੇ ਖੇਤਰ ਦੀ ਘੇਰਾਬੰਦੀ ਕਰਕੇ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਵਿਸਫੋਟਕ ਪਦਾਰਥ ਦੇ ਅਵਸ਼ੇਸ਼ਾਂ ਨੂੰ ਜਾਂਚ ਲਈ ਇਕੱਠਾ ਕੀਤਾ ਗਿਆ। ਇਸ ਘਟਨਾ ਨਾਲ ਸੰਬੰਧਿਤ ਇਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿਚ ਇਕ ਵਿਅਕਤੀ ਜਿਸ ਨੇ ਗੱਲ ਵਿਚ ਕੇਸਰੀ ਪਰਨਾ ਪਾਇਆ ਹੋਇਆ ਹੈ, ਨੂੰ ਗ੍ਰਨੇਡ ਦੀ ਪਿੰਨ ਕੱਢ ਕੇ ਸੁੱਟਦੇ ਅਤੇ ਮੌਕੇ ਤੋਂ ਭੱਜਦੇ ਹੋਏ ਵੇਖਿਆ ਜਾ ਸਕਦਾ ਹੈ। ਵੀਡੀਓ 'ਚ ਧਮਾਕੇ ਦੀ ਆਵਾਜ਼ ਵੀ ਸਾਫ਼ ਸੁਣਾਈ ਦਿੰਦੀ ਹੈ। ਹਾਲਾਂਕਿ ਇਸ ਵੀਡੀਓ ਦੀ ਪੁਸ਼ਟੀ ਅਧਿਕਾਰਕ ਤੌਰ 'ਤੇ ਨਹੀਂ ਕੀਤੀ ਗਈ। ਪੁਲਿਸ ਨੂੰ ਸੀ. ਸੀ. ਟੀ. ਵੀ. ਫੁਟੇਜ 'ਚ ਦੋ ਸ਼ੱਕੀ ਵਿਅਕਤੀ ਨਜ਼ਰ ਆਏ ਹਨ, ਜੋ ਕਿ ਮੋਟਰਸਾਈਕਲ 'ਤੇ

ਦਫ਼ਤਰ ਦੇ ਆਸ-ਪਾਸ ਘੁੰਮਦੇ ਵੇਖੇ ਗਏ ਹਨ। ਦੋਹਾਂ ਦੀ ਤਲਾਸ਼ ਲਈ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ। ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ( ਏ. ਜੀ. ਟੀ. ਐਫ.) ਵੀ ਜਾਂਚ ਵਿਚ ਸ਼ਾਮਿਲ ਹੋ ਗਈ ਹੈ। ਚੰਡੀਗੜ੍ਹ ਦੀ ਐਸ. ਐਸ. ਪੀ. ਕੰਵਰਦੀਪ ਕੌਰ ਨੇ ਕਿਹਾ ਕਿ ਭਾਜਪਾ ਦੇ ਪੰਜਾਬ ਦਫ਼ਤਰ 'ਤੇ ਧਮਾਕਾ ਹੋਣ ਦੀ ਪੁਸ਼ਟੀ ਹੋਈ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਵੀਡੀਓ ਵਾਇਰਲ ਹੋਣ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਹਾਲੇ ਇਹ ਨਹੀਂ ਕਿਹਾ ਜਾ ਸਕਦਾ ਕਿ ਧਮਾਕਾ ਕਿਸ ਨੇ ਅਤੇ ਕਿਉਂ ਕੀਤਾ ਜਾਂ ਕਿਸ ਤਰ੍ਹਾਂ ਦੇ ਵਿਸਫੋਟਕ ਦੀ ਵਰਤੋਂ ਕੀਤੀ ਗਈ। ਧਮਾਕੇ ਤੋਂ ਬਾਅਦ ਚੰਡੀਗੜ੍ਹ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ। ਫ਼ਿਲਹਾਲ ਪੁਲਿਸ ਵਲੋਂ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਕਤਲ ਦੀ ਕੋਸ਼ਿਸ਼ ਅਤੇ ਵਿਸਫੋਟਕ ਪਦਾਰਥ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ।

ਖ਼ਾਲਿਸਤਾਨ ਸਮਰਥਕ ਸੁਖਜਿੰਦਰ ਸਿੰਘ ਬੱਬਰ ਨੇ ਲਈ ਜ਼ਿੰਮੇਵਾਰੀ

ਚੰਡੀਗੜ੍ਹ ਦੇ ਸੈਕਟਰ 37 ਸਥਿਤ ਭਾਜਪਾ ਦਫ਼ਤਰ ਬਾਹਰ ਗ੍ਰਨੇਡ ਹਮਲੇ ਦੀ ਜ਼ਿੰਮੇਵਾਰੀ ਖ਼ਾਲਿਸਤਾਨ ਸਮਰਥਕ ਸੁਖਜਿੰਦਰ ਸਿੰਘ ਬੱਬਰ ਨੇ ਲਈ ਹੈ। ਇਸ ਸੰਬੰਧੀ ਸੋਸ਼ਲ ਮੀਡੀਆ 'ਤੇ ਪੋਸਟ ਵੀ ਸਾਂਝੀ ਕੀਤੀ ਗਈ ਹੈ। ਜਿਸ ਵਿਚ ਲਿਖਿਆ ਗਿਆ ਹੈ ਕਿ

''ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ।

ਚੰਡੀਗੜ੍ਹ 37 ਸੈਕਟਰ ਵਿਚ ਗ੍ਰਨੇਡ ਹਮਲੇ ਦੀ ਜ਼ਿੰਮੇਵਾਰੀ ਸੁਖਜਿੰਦਰ ਸਿੰਘ ਬੱਬਰ ਲੈਂਦਾ ਹੈ, ਅਸੀਂ ਭਾਰਤੀ ਸਿਸਟਮ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਪੰਜਾਬ ਦੇ ਸਿੱਖ ਨੌਜਵਾਨ ਨੂੰ ਖ਼ਤਮ ਕਰਨ ਲਈ ਜਿੰਨੇ ਮਰਜ਼ੀ ਹੱਥਕੰਡੇ ਵਰਤੋਂ ਦਸਮੇਸ਼ ਪਿਤਾ ਦਾ ਖ਼ਾਲਸਾ ਪੰਥ ਇਸ ਦਾ ਮੂੰਹ ਤੋੜ ਜਵਾਬ ਦੇਵੇਗਾ। ਗੁਰਦਾਸਪੁਰ ਵਿਚ ਰਣਜੀਤ ਸਿੰਘ ਦੇ ਕਾਤਲਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਦਸਮੇਸ਼ ਪਿਤਾ ਦਾ ਸਾਡੇ ਸਿਰ 'ਤੇ ਹੱਥ ਹੈ, ਪੰਜਾਬ ਦੀ ਧਰਤੀ ਖ਼ਾਲਸੇ ਦੀ ਧਰਤੀ ਹੈ ਪੰਜਾਬ ਵਿਚ ਖ਼ਾਲਿਸਤਾਨ ਹੀ ਬਣੇਗਾ।

ਖ਼ਾਲਿਸਤਾਨ ਜ਼ਿੰਦਾਬਾਦ।''



A1 PROMOTIONS
EST. 2004

A1PROMOTIONS.CA

Custom T Shirts, Hoodies, School Uniforms
Event & Tournament Packages, Trophy Awards
Large Variety Of Promotional Products




A1 PROMOTIONS NEWTON
13375-72 AVE SURREY
604-763-1500
sales@a1promotions.ca

A1 PROMOTIONS HYLAND
6638-152A Street Surrey
604-597-8356
sales152@a1promotions.ca

# ਜ਼ਹਿਰੀਲੇ ਵਿਆਹੁਤਾ ਰਿਸ਼ਤੇ, ਆਖਿਰ ਕੀ ਹੈ ਹੱਲ?



ਅੱਜਕਲ ਪਤੀ-ਪਤਨੀ ਦੇ ਰਿਸ਼ਤੇ 'ਚ ਤਣਾਅ ਵਿਆਹੁਤਾ ਜ਼ਿੰਦਗੀ ਨੂੰ ਕੜਵਾਹਟ ਭਰਿਆ ਬਣਾ ਰਿਹਾ ਹੈ। ਇਹ ਭਾਰਤੀ ਪਰਿਵਾਰਾਂ ਦੇ ਟੁੱਟਣ ਦਾ ਇਕ ਵੱਡਾ ਕਾਰਨ ਬਣ ਗਿਆ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਆਧੁਨਿਕ ਸਮੇਂ 'ਚ ਮਰਦਾਂ ਅਤੇ ਔਰਤਾਂ ਦੀਆਂ ਭੂਮਿਕਾਵਾਂ ਬਦਲ ਰਹੀਆਂ ਹਨ। ਅਤੀਤ 'ਚ ਰਵਾਇਤੀ ਤੌਰ 'ਤੇ ਪਤੀ ਨੂੰ ਪਰਿਵਾਰ ਦਾ ਆਰਥਿਕ ਸਹਾਰਾ ਅਤੇ ਪਤਨੀ ਨੂੰ ਘਰ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਸੀ। ਅੱਜ ਦੋਵੇਂ ਪੱਖ ਬਰਾਬਰ ਕੰਮ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਸਾਂਝਾ ਕਰਦੇ ਹਨ, ਜਿਸ ਨਾਲ ਉਮੀਦਾਂ 'ਚ ਅਸੰਤੁਲਨ ਪੈਦਾ ਹੋ ਸਕਦਾ ਹੈ। ਪਤੀ-ਪਤਨੀ ਦੇ ਵਿਚਾਲੇ ਸੰਵਾਦ ਦੀ ਕਮੀ ਇਕ ਵੱਡਾ ਕਾਰਨ ਹੈ। ਜੇਕਰ ਦੋਵੇਂ ਪੱਖ ਆਪਣੀਆਂ ਭਾਵਨਾਵਾਂ, ਚਿੰਤਾਵਾਂ ਅਤੇ ਉਮੀਦਾਂ ਨੂੰ ਖੁੱਲ੍ਹ ਕੇ ਨਹੀਂ ਦੱਸਦੇ, ਤਾਂ ਗਲਤਫਹਿਮੀਆਂ ਵਧਦੀਆਂ ਹਨ। ਇਸ ਨਾਲ ਰਿਸ਼ਤੇ 'ਚ ਦੂਰੀ ਵਧ ਸਕਦੀ ਹੈ ਅਤੇ ਤਣਾਅ ਪੈਦਾ ਹੋ ਸਕਦਾ ਹੈ।

ਵਿਆਹੁਤਾ ਰਿਸ਼ਤਿਆਂ ਦੀ ਨੀਂਹ ਭਰੋਸੇ 'ਤੇ ਟਿਕੀ ਹੁੰਦੀ ਹੈ। ਜੇਕਰ ਦੋਵਾਂ 'ਚੋਂ ਕਿਸੇ ਇਕ ਜਾਂ ਦੋਵਾਂ ਨੂੰ ਇਕ-ਦੂਜੇ ਦੇ ਪ੍ਰਤੀ ਸ਼ੱਕ ਜਾਂ ਬੇਭਰੋਸਗੀ ਮਹਿਸੂਸ ਹੋਣ ਲੱਗੇ, ਤਾਂ ਇਹ ਰਿਸ਼ਤੇ ਨੂੰ ਖ਼ਤਰਨਾਕ ਬਣਾ ਸਕਦਾ ਹੈ। ਅਜਿਹੇ ਮਾਮਲਿਆਂ 'ਚ ਘਰ ਜੋ ਇਕ ਸੁਰੱਖਿਅਤ ਸਥਾਨ ਹੋਣਾ ਚਾਹੀਦਾ ਹੈ, ਉਹੀ ਤਣਾਅਪੂਰਨ ਅਤੇ ਘਾਤਕ ਬਣ ਜਾਂਦਾ ਹੈ। ਜਦੋਂ ਦੋਵੇਂ ਪੱਖ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਾਂਝਾ ਨਹੀਂ ਕਰਦੇ ਜਾਂ ਇਕ-ਦੂਜੇ ਪ੍ਰਤੀ ਬੇਇਨਸਾਫ਼ੀ ਵਾਲਾ ਵਿਹਾਰ ਕਰਦੇ ਹਨ, ਤਾਂ ਇਹ ਰਿਸ਼ਤੇ 'ਚ ਝਗੜਿਆਂ ਦਾ ਕਾਰਨ ਬਣ ਸਕਦਾ ਹੈ। ਉਦਾਹਰਣ ਲਈ ਜੇਕਰ ਪਤੀ ਪਰਿਵਾਰ ਲਈ ਪੈਸਾ ਕਮਾਉਣ 'ਚ ਰੁੱਝਿਆ ਰਹਿੰਦਾ ਹੈ ਅਤੇ ਪਤਨੀ ਨੂੰ ਘਰ ਦਾ ਸਾਰਾ ਕੰਮ ਸੰਭਾਲਣਾ ਪੈਂਦਾ ਹੈ, ਤਾਂ ਇਹ ਅਸੰਤੋਸ਼ ਦਾ ਕਾਰਨ ਬਣ ਸਕਦਾ ਹੈ।

ਜਦੋਂ ਪਤੀ ਜਾਂ ਪਤਨੀ 'ਚੋਂ ਕੋਈ ਵੀ ਹਰ ਸਥਿਤੀ 'ਚ 'ਸਹੀ' ਹੋਣ ਦਾ ਵਹਿਮ ਰੱਖਦਾ ਹੈ, ਤਾਂ ਇਹ ਰਿਸ਼ਤੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਕ ਸਿਹਤਮੰਦ ਰਿਸ਼ਤੇ 'ਚ ਦੋਵੇਂ ਪੱਖ ਇਕ-ਦੂਜੇ ਦੀਆਂ ਗਲਤੀਆਂ ਨੂੰ ਸਵੀਕਾਰ ਕਰਨ ਅਤੇ ਸੁਧਾਰ ਕਰਨ ਲਈ ਤਿਆਰ ਹੁੰਦੇ ਹਨ ਪਰ ਜਦੋਂ ਕੋਈ ਵੀ ਖੁਦ ਨੂੰ ਹਮੇਸ਼ਾ ਸਹੀ ਮੰਨਣ ਲੱਗੇ, ਤਾਂ ਇਹ ਰਿਸ਼ਤੇ ਨੂੰ ਖ਼ਤਰਨਾਕ ਬਣਾ ਦਿੰਦਾ ਹੈ।

ਅੱਜ ਦੀ ਤੇਜ਼ੀ ਨਾਲ ਬਦਲਦੀ ਜੀਵਨਸ਼ੈਲੀ ਅਤੇ ਕੰਮ ਦੇ ਦਬਾਅ ਕਾਰਨ ਪਤੀ-ਪਤਨੀ ਦੇ ਵਿਚਾਲੇ ਸਮਾਂ ਬਿਤਾਉਣ ਦਾ ਮੌਕਾ ਘੱਟ ਹੁੰਦਾ ਜਾ ਰਿਹਾ ਹੈ। ਇਸ ਨਾਲ ਦੋਵਾਂ ਪੱਖਾਂ ਦੇ ਵਿਚਾਲੇ ਭਾਵਨਾਤਮਕ ਦੂਰੀ ਵਧ ਸਕਦੀ ਹੈ, ਜੋ ਰਿਸ਼ਤੇ ਨੂੰ ਕਮਜ਼ੋਰ ਕਰ ਸਕਦੀ ਹੈ। ਕਈ ਵਾਰ ਪਤੀ-ਪਤਨੀ ਦੇ ਵਿਚਾਲੇ ਰਿਸ਼ਤੇ ਪਰਿਵਾਰ ਜਾਂ ਸਮਾਜ ਦੇ ਦਬਾਅ ਕਾਰਨ ਤਣਾਅਪੂਰਨ ਹੋ ਜਾਂਦੇ ਹਨ। ਜਿਵੇਂ ਸੱਸ-ਨੂੰਹ ਦੇ ਵਿਚਾਲੇ ਝਗੜੇ, ਬੱਚਿਆਂ ਦੀ ਪੜ੍ਹਾਈ ਜਾਂ ਵਿਆਹ ਵਰਗੇ ਮੁੱਦੇ ਵੀ ਰਿਸ਼ਤੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਮੌਜੂਦਾ ਸਮੇਂ 'ਚ ਘਰੇਲੂ ਹਿੰਸਾ ਦੇ ਮਾਮਲੇ ਵੀ ਵਧ ਰਹੇ ਹਨ। ਇਹ ਨਾ ਸਿਰਫ਼ ਪਤੀ-ਪਤਨੀ ਦੇ ਰਿਸ਼ਤੇ ਨੂੰ ਖ਼ਤਰਨਾਕ ਬਣਾਉਂਦਾ ਹੈ, ਸਗੋਂ ਜਾਨਲੇਵਾ ਵੀ ਹੋ ਸਕਦਾ ਹੈ। ਅੰਕੜਿਆਂ ਅਨੁਸਾਰ ਹਰ 11ਵੇਂ ਮਿੰਟ 'ਚ ਇਕ ਔਰਤ ਦਾ ਕਤਲ ਹੋ ਜਾਂਦਾ ਹੈ, ਜੋ ਇਸ ਗੱਲ ਦਾ ਸਬੂਤ ਹੈ ਕਿ ਘਰੇਲੂ ਰਿਸ਼ਤੇ ਕਿੰਨੇ ਖ਼ਤਰਨਾਕ ਹੋ ਸਕਦੇ ਹਨ।

ਵਿਆਹੁਤਾ ਜ਼ਿੰਦਗੀ 'ਚ ਤਕਰਾਰ ਅਤੇ ਗਲਤਫਹਿਮੀਆਂ ਆਮ ਗੱਲ ਹਨ ਪਰ ਜਦੋਂ ਗੱਲ ਵਾਰ-ਵਾਰ ਤਾਅਨਿਆਂ ਅਤੇ ਆਤਮ-ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀਆਂ ਗੱਲਾਂ ਤੱਕ ਪਹੁੰਚ ਜਾਵੇ, ਤਾਂ ਸਥਿਤੀ ਗੰਭੀਰ ਹੋ ਜਾਂਦੀ ਹੈ। ਇਕ ਵਿਅਕਤੀ ਨੇ ਸਵਾਲ ਕੀਤਾ ਕਿ ਉਸ ਦੀ ਪਤਨੀ ਅਕਸਰ ਕਹਿੰਦੀ ਹੈ ਕਿ ਉਹ ਕਿਸੇ ਲਾਇਕ ਨਹੀਂ ਹੈ ਅਤੇ ਉਸ ਨਾਲ ਵਿਆਹ ਕਰ ਕੇ ਉਸ ਦੀ ਜ਼ਿੰਦਗੀ ਨਰਕ ਬਣ ਗਈ ਹੈ। ਅਜਿਹੇ 'ਚ ਉਹ ਕੀ ਕਰੇ ਤਾਂ ਜੋ ਰਿਸ਼ਤਾ ਬਿਹਤਰ ਹੋ ਸਕੇ?

ਕੜਵਾਹਟ ਭਰੇ ਵਿਆਹੁਤਾ ਰਿਸ਼ਤੇ ਸੁਧਾਰਨ ਦਾ ਆਖਿਰ ਕੀ ਹੱਲ ਹੈ? ਮਨੋਵਿਗਿਆਨ ਦੇ ਮੁਤਾਬਕ ਕਿਸੇ ਵੀ ਰਿਸ਼ਤੇ ਦੀ ਨੀਂਹ ਖੁੱਲ੍ਹੀ ਅਤੇ ਇਮਾਨਦਾਰ ਗੱਲਬਾਤ ਹੁੰਦੀ ਹੈ। ਪਤੀ ਨੂੰ ਚਾਹੀਦਾ ਹੈ ਕਿ ਉਹ ਸ਼ਾਂਤੀ ਨਾਲ ਪਤਨੀ ਨਾਲ ਗੱਲ ਕਰੇ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰੇ ਕਿ ਉਨ੍ਹਾਂ ਦੀ ਨਾਰਾਜ਼ਗੀ ਦੀ ਅਸਲੀ ਵਜ੍ਹਾ ਕੀ ਹੈ। ਬਿਨਾਂ ਟੋਕੇ ਅਤੇ ਬਿਨਾਂ ਜੱਜ ਕੀਤੇ ਗੱਲ ਸੁਣਨਾ ਰਿਸ਼ਤੇ 'ਚ ਭਰੋਸਾ ਬਣਾਉਣ ਦੀ ਪਹਿਲੀ ਸ਼ਰਤ ਹੈ। ਰਿਸ਼ਤੇ ਨੂੰ ਬਿਹਤਰ ਬਣਾਉਣ ਲਈ ਆਤਮ-ਮੰਥਨ ਜ਼ਰੂਰੀ ਹੈ। ਕਮਿਊਨੀਕੇਸ਼ਨ ਸਕਿੱਲ, ਸੰਵੇਦਨਸ਼ੀਲਤਾ ਅਤੇ ਸਮਝਦਾਰੀ 'ਤੇ ਕੰਮ ਕਰਨਾ ਤੁਹਾਨੂੰ ਇਕ ਬਿਹਤਰ ਜੀਵਨ ਸਾਥੀ ਬਣਾ ਸਕਦਾ ਹੈ। ਛੋਟੇ ਬਦਲਾਅ ਵੀ ਰਿਸ਼ਤੇ 'ਚ ਵੱਡਾ ਫਰਕ ਲਿਆ ਸਕਦੇ ਹਨ।

ਰਿਸ਼ਤੇ 'ਚ ਅਪਣਾਪਨ ਬਣਾਈ ਰੱਖਣ ਲਈ ਛੋਟੇ-ਛੋਟੇ ਕਦਮ ਬਹੁਤ ਮਾਅਨੇ ਰੱਖਦੇ ਹਨ। ਪਿਆਰ ਭਰੇ ਸ਼ਬਦ, ਸਹਿਯੋਗ ਅਤੇ ਸਨਮਾਨ ਜਤਾਉਣ ਨਾਲ ਸਾਹਮਣੇ ਵਾਲੇ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਰਿਸ਼ਤੇ 'ਚ ਅਹਿਮ ਹੈ। ਨਾਲ ਹੀ ਸਬਰ ਰੱਖਣਾ ਵੀ ਜ਼ਰੂਰੀ ਹੈ ਕਿਉਂਕਿ ਬਦਲਾਅ ਵਕਤ ਲੈਂਦਾ ਹੈ। ਪਤੀ-ਪਤਨੀ ਦੋਵੇਂ ਇਹ ਸੋਚਣ ਕਿ ਕੀ ਰਿਸ਼ਤੇ 'ਚ ਭਰੋਸੇ, ਸਨਮਾਨ ਜਾਂ ਆਪਸੀ ਤਾਲਮੇਲ ਨਾਲ ਜੁੜੀ ਕੋਈ ਗੰਭੀਰ ਸਮੱਸਿਆ ਹੈ। ਜਦੋਂ ਤੱਕ ਅਸਲੀ ਵਜ੍ਹਾ ਸਾਹਮਣੇ ਨਹੀਂ ਆਵੇਗੀ, ਹੱਲ ਮੁਸ਼ਕਲ ਰਹੇਗਾ। ਜੇਕਰ ਹਾਲਾਤ ਲਗਾਤਾਰ ਵਿਗੜ ਰਹੇ ਹਨ ਅਤੇ ਤਣਾਅ ਵਧਦਾ ਜਾ ਰਿਹਾ ਹੈ, ਤਾਂ ਕਪਲ ਕਾਊਂਸਲਿੰਗ ਤੋਂ ਝਿਜਕਣਾ ਨਹੀਂ ਚਾਹੀਦਾ।

ਵਿਆਹ ਨੂੰ ਬਿਹਤਰ ਬਣਾਉਣਾ ਦੋਵਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਜਦੋਂ ਦੋਵੇਂ ਸਾਥੀ ਬਦਲਾਅ ਲਈ ਤਿਆਰ ਹੁੰਦੇ ਹਨ, ਉਦੋਂ ਹੀ ਰਿਸ਼ਤਾ ਮਜ਼ਬੂਤ ਬਣਦਾ ਹੈ। ਸਮੇਂ 'ਤੇ ਮਦਦ ਲੈਣਾ ਕਮਜ਼ੋਰੀ ਨਹੀਂ, ਸਗੋਂ ਸਮਝਦਾਰੀ ਦਾ ਸੰਕੇਤ ਹੈ। ਯਾਦ ਰੱਖੋ, ਵਿਆਹ ਨੂੰ ਬਿਹਤਰ ਬਣਾਉਣਾ ਦੋਵਾਂ ਦੀ ਸਾਂਝੀ ਜ਼ਿੰਮੇਵਾਰੀ ਹੁੰਦੀ ਹੈ। ਜਦੋਂ ਦੋਵੇਂ ਸਾਥੀ ਬਦਲਾਅ ਲਈ ਤਿਆਰ ਹੋਣ, ਉਦੋਂ ਹੀ ਰਿਸ਼ਤੇ 'ਚ ਸੱਚਾ ਸੁਧਾਰ ਆਉਂਦਾ ਹੈ।

ਵਿਆਹੁਤਾ ਰਿਸ਼ਤੇ ਅੱਜਕਲ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਦੋਵਾਂ ਪੱਖਾਂ ਲਈ ਇਹ ਜ਼ਰੂਰੀ ਹੈ ਕਿ ਉਹ ਇਕ-ਦੂਜੇ ਦੀਆਂ ਭਾਵਨਾਵਾਂ ਦਾ ਸਨਮਾਨ ਕਰਨ, ਸੰਵਾਦ ਕਰਨ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਇਕੱਠੇ ਕੰਮ ਕਰਨ।

**ਡਾ. ਵਰਿੰਦਰ ਭਾਟੀਆ**


REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759


WCC
WESTERN COMMUNITY COLLEGE
Become a Healthcare hero
Graduate In Under 6 Months with an average hourly wage of $27/hr*
HEALTH CARE ASSISTANT
PROGRAM
START YOUR HCA JOURNEY
The Health Care Assistant Program is designed to provide students with opportunities to develop the knowledge, skills, and attitudes necessary to function effectively as front-line caregivers and members of the healthcare team.
MORNING | EVENING SCHEDULES
FINANCIAL AID AVAILABLE
97% GRADUATE EMPLOYMENT RATE
$27* HOURLY WAGE AVERAGE
SURREY | ABBOTSFORD
604.594.3500
WCC.CA/HCA

# ਸੋਸ਼ਲ ਮੀਡੀਆ ਐਪਸ ’ਤੇ ਸਖ਼ਤ ਪਾਬੰਦੀ ਨੂੰ ਲੈ ਕੇ ਤੇਜ਼ ਹੁੰਦੀਆਂ ਆਵਾਜ਼ਾਂ

ਸੋਸ਼ਲ ਮੀਡੀਆ ’ਤੇ ਸਖ਼ਤ ਪਾਬੰਦੀ ਲਾਉਣ ਦੀ ਮੰਗ ਕਰ ਰਹੇ ਮਾਤਾ-ਪਿਤਾ ਅਤੇ ਮੁਹਿੰਮ ਗਰੁੱਪਾਂ ਨੇ ਲਾਸ ਏਂਜਲਸ ਦੀ ਇਕ ਜਿਊਰੀ ਦੀ 6 ਹਫ਼ਤੇ ਚੱਲੀ ਬਹਿਸ ਤੋਂ ਬਾਅਦ ਦਿੱਤੇ ਗਏ ਫੈਸਲੇ ਦਾ ਸਵਾਗਤ ਕੀਤਾ।




ਜਿਊਰੀ ਨੇ ਕਿਹਾ ਕਿ ਇੰਸਟਾਗ੍ਰਾਮ, ਫੇਸਬੁੱਕ ਅਤੇ ਵ੍ਹਟਸਐਪ, ਜੋ ਮੇਟਾ ਕੰਪਨੀ ਅਤੇ ਯੂਟਿਊਬ ਜੋ ਗੂਗਲ ਦੀ ਐਪ ਹੈ, ਨੇ ਜਾਣਬੁੱਝ ਕੇ ਅਜਿਹੇ ਲਤ ਲਗਾਉਣ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ ਬਣਾਏ, ਜਿਨ੍ਹਾਂ ਤੋਂ ਕੈਲੀ, ਇਕ 20 ਸਾਲ ਦੀ ਕੁੜੀ, ਨੇ ਦਾਅਵਾ ਕੀਤਾ ਕਿ ਇਨ੍ਹਾਂ ਪਲੇਟਫਾਰਮਾਂ ਨੇ ਉਸ ਦੀਆਂ ਨਿੱਜੀ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ ਅਤੇ ਉਸ ਨੂੰ ਬਾਡੀ ਡਿਸਮਾਰਫੀਆ, ਡਿਪਰੈਸ਼ਨ ਅਤੇ ਖ਼ੁਦਕੁਸ਼ੀ ਦੇ ਵਿਚਾਰਾਂ ਤੋਂ ਪੀੜਤ ਕਰ ਦਿੱਤਾ। ਮੁਆਵਜ਼ੇ ਵਜੋਂ ਕੈਲੀ ਨੂੰ 3 ਮਿਲੀਅਨ ਡਾਲਰ ਦਿੱਤੇ ਗਏ।

ਇਹ ਮੇਟਾ ਦੇ ਖ਼ਿਲਾਫ਼ ਅਜਿਹੇ ਦਾਅਵਿਆਂ ’ਤੇ ਜਿਊਰੀ ਵੱਲੋਂ ਦਿੱਤਾ ਗਿਆ ਪਹਿਲਾ ਫੈਸਲਾ ਹੈ, ਕਿਉਂਕਿ ਕੰਪਨੀ ’ਤੇ ਉਸ ਦੇ ਪਲੇਟਫਾਰਮਾਂ ਰਾਹੀਂ ਨੌਜਵਾਨਾਂ ਦੀ ਮਾਨਸਿਕ ਸਿਹਤ ’ਤੇ ਪੈਣ ਵਾਲੇ ਪ੍ਰਭਾਵਾਂ ਨੂੰ ਲੈ ਕੇ ਮੁਕੱਦਮਿਆਂ ਦਾ ਹੜ੍ਹ ਆ ਗਿਆ ਹੈ।

ਹਾਲਾਂਕਿ ਮੇਟਾ ਦੇ ਬੁਲਾਰੇ ਨੇ ਇਕ ਬਿਆਨ ’ਚ ਕਿਹਾ, ‘‘ਅਸੀਂ ਇਸ ਫੈਸਲੇ ਨਾਲ ਪੂਰੀ ਤਰ੍ਹਾਂ ਅਸਹਿਮਤ ਹਾਂ ਅਤੇ ਅਪੀਲ ਕਰਾਂਗੇ। ਅਸੀਂ ਆਪਣੇ ਪਲੇਟਫਾਰਮਾਂ ’ਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰਦੇ ਹਾਂ ਅਤੇ ਨੁਕਸਾਨਦੇਹ ਤੱਤਾਂ ਜਾਂ ਸਮੱਗਰੀ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹਟਾਉਣ ਦੀਆਂ ਚੁਣੌਤੀਆਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ।’’

ਇਕ ਬਿਆਨ ’ਚ, ਨਿਊ ਮੈਕਸੀਕੋ ਦੇ ਅਟਾਰਨੀ ਜਨਰਲ ਰਾਉਲ ਟੋਰੇਜ਼, ਜੋ ਇਕ ਡੈਮੋਕ੍ਰੇਟ ਹਨ, ਨੇ ਇਸ ਫੈਸਲੇ ਨੂੰ ‘ਹਰ ਉਸ ਬੱਚੇ ਅਤੇ ਪਰਿਵਾਰ ਲਈ ਇਕ ਇਤਿਹਾਸਕ ਜਿੱਤ’ ਦੱਸਿਆ, ਜਿਸ ਨੇ ਮੇਟਾ ਵੱਲੋਂ ਬੱਚਿਆਂ ਦੀ ਸੁਰੱਖਿਆ ਤੋਂ ਉੱਪਰ ਮੁਨਾਫੇ ਨੂੰ ਤਰਜੀਹ ਦੇਣ ਕਾਰਨ ਨੁਕਸਾਨ ਉਠਾਇਆ ਹੈ।

ਉਨ੍ਹਾਂ ਕਿਹਾ, ‘‘ਜਿਊਰੀ ਵੱਲੋਂ ਮੇਟਾ ਨੂੰ ਦਿੱਤੇ ਜਾਣ ਵਾਲੇ ਭਾਰੀ ਹਰਜਾਨੇ ਤੋਂ ਵੱਡੀਆਂ ਟੈੱਕ ਕੰਪਨੀਆਂ ਦੇ ਅਧਿਕਾਰੀਆਂ ਨੂੰ ਇਹ ਸਪੱਸ਼ਟ ਸੰਦੇਸ਼ ਜਾਣਾ ਚਾਹੀਦਾ ਹੈ ਕਿ ਕੋਈ ਵੀ ਕੰਪਨੀ ਕਾਨੂੰਨ ਦੀ ਪਹੁੰਚ ਤੋਂ ਬਾਹਰ ਨਹੀਂ ਹੈ।’’

ਇਸ ਨਤੀਜੇ ਦਾ ਅਸਰ ਸ਼ਾਇਦ ਅਮਰੀਕਾ ਦੀਆਂ ਅਦਾਲਤਾਂ ’ਚ ਚੱਲ ਰਹੇ ਸੈਂਕੜੇ ਅਜਿਹੇ ਹੀ ਮਾਮਲਿਆਂ ’ਤੇ ਪਵੇਗਾ।

ਆਨਲਾਈਨ ਐਪਸ ਅੱਲ੍ਹੜਾਂ ਦੀ ਮਾਨਸਿਕ ਸਿਹਤ ਨੂੰ ਨੁਕਸਾਨ ਪਹੁੰਚਾ ਰਹੇ ਹਨ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਦੇ ਐਡਿਕਟ, ਹਿੰਸਕ ਅਤੇ ਨਿਰਾਸ਼ਾਵਾਦੀ ਬਣਾ ਰਹੇ ਹਨ, ਜਿਸ ਦਾ ਅਖੀਰ ਉਨ੍ਹਾਂ ਦੀ ਸਰੀਰਕ ਸਿਹਤ ’ਤੇ ਵੀ ਮਾੜਾ ਅਸਰ ਪੈਂਦਾ ਹੈ।

ਦੂਜੇ ਪਾਸੇ ਜਰਮਨੀ ’ਚ ਵੀ ਇਕ ਮਹਿਲਾ ਅਦਾਕਾਰਾ ਨੇ ਦਾਅਵਾ ਕੀਤਾ ਕਿ ‘ਗੋਰਗ’ ਨਾਮੀ ਇਕ ਐਪ ਨੇ ਉਸ ਦੀਆਂ ਫਰਜ਼ੀ ਤਸਵੀਰਾਂ ਅਤੇ ਫਰਜ਼ੀ ਡਾਟਾ ਅਪਲੋਡ ਕੀਤਾ। ਉਸ ਨੇ ਕਿਹਾ ਕਿ ਇਸ ਨਾਲ ਉਸ ਦਾ ਸਾਰਾ ਕਰੀਅਰ ਚੌਪਟ ਹੋ ਜਾਵੇਗਾ। ਪਿਛਲੇ ਹਫ਼ਤੇ ਡੇਰ ਸਪੀਗਲ, ਇਕ ਜਰਮਨ ਅਖ਼ਬਾਰ, ਵੱਲੋਂ ਰਿਪੋਰਟ ਕੀਤੇ ਗਏ ਇਸ ਮਾਮਲੇ ਨੇ ਜਰਮਨੀ ’ਚ ਇੰਟਰਨੈੱਟ ’ਤੇ ‘ਡਿਜੀਟਲ ਹਿੰਸਾ’ ਨੂੰ ਲੈ ਕੇ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ। 250 ਤੋਂ ਵੱਧ ਪ੍ਰਮੁੱਖ ਜਰਮਨ ਔਰਤਾਂ ਨੇ ਸਰਕਾਰ ਨੂੰ ਲੋਕਾਂ ਨੂੰ ‘ਡਿਜੀਟਲ ਸੈਕਸ ਹਿੰਸਾ’ ਤੋਂ ਬਚਾਉਣ ਦਾ ਸੱਦਾ ਦਿੱਤਾ ਹੈ।

ਕਈ ਹੋਰ ਦੇਸ਼ਾਂ ’ਚ ਵੀ ‘ਆਪਣੇ ਬੱਚੇ ਦੇ ਮਾਸੂਮ ਬਚਪਨ ਨੂੰ ਮੁੜ ਹਾਸਲ ਕਰੋ’ ਨਾਂ ਦੀ ਮੁਹਿੰਮ ਚਲਾਈ ਜਾ ਰਹੀ ਹੈ, ਜੋ ਇਸ ਗੱਲ ’ਤੇ ਜ਼ੋਰ ਦਿੰਦੀ ਹੈ ਕਿ ਬੱਚਿਆਂ ਲਈ ਬੇਲਗਾਮ ਆਨਲਾਈਨ ਡਾਟਾ ਅਤੇ ਪ੍ਰੋਗਰਾਮਾਂ ਦਾ ਸੰਪਰਕ ਬੇਹੱਦ ਨੁਕਸਾਨਦੇਹ ਹੈ, ਕਿਉਂਕਿ ਇਹ ਉਨ੍ਹਾਂ ਨੂੰ ਹਿੰਸਕ, ਸੈਕਸ ਅਤੇ ਫਰਜ਼ੀ ਸਮੱਗਰੀ ਦਾ ਆਦੀ ਬਣਾ ਕੇ ਮਾਨਸਿਕ ਤੌਰ ’ਤੇ ਨੁਕਸਾਨ ਪਹੁੰਚਾਉਂਦੇ ਹਨ, ਜਿਸ ਨਾਲ ਕਦੇ-ਕਦੇ ਨਾ ਪੂਰਾ ਹੋਣ ਵਾਲਾ ਨੁਕਸਾਨ ਵੀ ਹੋ ਸਕਦਾ ਹੈ।

ਜਦਕਿ ਆਸਟ੍ਰੇਲੀਆ ਅਤੇ ਸਪੇਨ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਟਰਨੈੱਟ ’ਤੇ ਪਾਬੰਦੀ ਲਾ ਦਿੱਤੀ ਹੈ, ਕੀ ਹੁਣ ਭਾਰਤ ਦੀਆਂ ਸੂਬਾਈ ਅਤੇ ਕੇਂਦਰ ਸਰਕਾਰਾਂ ਲਈ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਟਰਨੈੱਟ ’ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਬਣਾਉਣ ਦਾ ਸਮਾਂ ਨਹੀਂ ਆ ਗਿਆ ਹੈ?

ਇਸ ਦੌਰਾਨ, ਕੀ ਮਾਪਿਆਂ ਨੂੰ ਵੀ ਸਰਗਰਮੀ ਨਾਲ ਆਪਣੇ ਛੋਟੇ ਬੱਚਿਆਂ ਦੀਆਂ ਆਨਲਾਈਨ ਸਰਗਰਮੀਆਂ ਦੀ ਨਿਗਰਾਨੀ ਨਹੀਂ ਕਰਨੀ ਚਾਹੀਦੀ ਅਤੇ ਉਨ੍ਹਾਂ ਨੂੰ ਇੰਟਰਨੈੱਟ ਦੀ ਵਰਤੋਂ ਤੋਂ ਰੋਕਣਾ ਨਹੀਂ ਚਾਹੀਦਾ? ਕੁਝ ਮਾਤਾ-ਪਿਤਾ ਦਾ ਤਾਂ ਇਹ ਵੀ ਕਹਿਣਾ ਹੈ ਕਿ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੀਮਤ ‘ਸਕ੍ਰੀਨ ਟਾਈਮ’ ਦਿੱਤਾ ਜਾਣਾ ਚਾਹੀਦਾ ਹੈ।

# ਜੰਗਾਂ ਦਾ ਵੱਧ ਸ਼ਿਕਾਰ ਬਣਦੇ ਬੱਚੇ

ਅੱਜ ਦੇ ਬੱਚੇ ਕੱਲ ਦਾ ਮੁਸਤਕਬਲ ਹੁੰਦੇ ਹਨ ਪਰ ਹਰ ਯੁੱਗ ਵਿਚ ਜੰਗਾਂ ਅਤੇ ਜੰਗਬਾਜ਼ਾਂ ਦਾ ਬੇਕਿਰਕ ਸ਼ਰਮਨਾਕ ਨਿਸ਼ਾਨਾ ਬਚਪਨ ਹੀ ਬਣਦਾ ਰਿਹਾ ਹੈ। ਅਜੇ ਤੱਕ ਕੋਈ ਵੀ ਸ਼ਾਸਕ ਜਾਂ ਅੰਤਰਰਾਸ਼ਟਰੀ ਸੰਗਠਨ ਜੰਗਾਂ ਸਮੇਂ ਜੰਗਬਾਜ਼ਾਂ ਤੋਂ ਸਾਡੇ ਨੰਨ੍ਹੇ ਮਾਸੂਮ ਬੱਚਿਆਂ ਦੀ ਰਾਖੀ ਕਰਨ ਲਈ ਕੋਈ ਵਿਵਸਥਾ ਸਥਾਪਿਤ ਨਹੀਂ ਕਰ ਸਕਿਆ। ਅਮਰੀਕਾ ਦੇ ਸਾਬਕਾ 46ਵੇਂ ਜੰਗਬਾਜ਼ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ ’ਤੇ 28 ਫਰਵਰੀ 2026 ਨੂੰ ਹਮਲੇ ਦੀ ਪੂਰਬਲੀ ਰਾਤ ਦੇ 9:45 ਵਜੇ ਨੁਸਾਹਿਬਾ ਮੁਬਾਰਕ ਨਾਂ ਦੀ ਨੌਜਵਾਨ ਲੜਕੀ ਇਕ ਤਿੱਖਾ ਸਵਾਲ ਪੁੱਛ ਕੇ ਬੁਰੀ ਤਰ੍ਹਾਂ ਸ਼ਰਮਸਾਰ ਕਰ ਦਿੰਦੀ ਹੈ। ਬਾਇਡਨ ਵਾਸ਼ਿੰਗਟਨ ਡੀਸੀ ਦੇ ਰੀਗਨ ਰਾਸ਼ਟਰੀ ਹਵਾਈ ਅੱਡੇ ਤੋਂ ਕੋਲੰਬੀਆ (ਸਾਊਥ ਕੈਰੋਲੀਨਾ) ਵਿਖੇ ਸੰਨ 2028 ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਬਾਰੇ ਵਿਚਾਰ-ਵਟਾਂਦਰੇ ਲਈ ਡੈਮੋਕ੍ਰੈਟਿਕ ਪਾਰਟੀ ਦੀ ਮੀਟਿੰਗ ਲਈ ਕਮਰਸ਼ੀਅਲ ਹਵਾਈ ਜਹਾਜ਼ ’ਤੇ ਸਵਾਰ ਹੁੰਦੇ ਹਨ। ਯਾਤਰਾ ਦੌਰਾਨ ਵੱਖ-ਵੱਖ ਲੋਕ ਉਨ੍ਹਾਂ ਕੋਲ ਬੈਠ ਕੇ ਫੋਟੋਆਂ ਖਿਚਵਾ ਰਹੇ ਹੁੰਦੇ ਹਨ ਕਿ ਉਸੇ ਸਮੇਂ ਨੌਜਵਾਨ ਲੜਕੀ ਨੁਸਾਹਿਬਾ ਮੁਬਾਰਕ ਉਨ੍ਹਾਂ ਨਾਲ ਗੱਲ ਕਰਨ ਦੀ ਇਜਾਜ਼ਤ ਮੰਗਦੀ ਹੈ ਜਿਸ ਦੀ ਉਹ ਆਗਿਆ ਦੇ ਦਿੰਦੇ ਹਨ। ‘ਧੰਨਵਾਦ ਮੈਨੂੰ ਗੱਲ ਕਰਨ ਦਾ ਸਮਾਂ ਦਿੱਤਾ। ਗਾਜ਼ਾ ਵਿਚ ਹਰ ਰੋਜ਼ ਬੱਚੇ ਮਰ ਰਹੇ ਹਨ। ਸਾਨੂੰ ਇਹ ਸਭ ਬੰਦ ਕਰਨਾ ਚਾਹੀਦਾ ਹੈ।’ ਜ਼ਰਾ ਘਬਰਾਹਟ ਵਿਚ ਸਾਬਕਾ ਰਾਸ਼ਟਰਪਤੀ ਜਵਾਬ ਦਿੰਦੇ ਹਨ, ‘‘ਮੈਂ ਜਾਣਦਾ ਹਾਂ ਕਿ ਇਹ ਬਹੁਤ ਦੁਖਦਾਈ ਹੈ।’’ ਇੰਨੇ ਨੂੰ ਉਨ੍ਹਾਂ ਦੇ ਸਟਾਫ ਦਾ ਇਕ ਵਿਅਕਤੀ ਉਸ ਨੂੰ ਉਸ ਥਾਂ ਤੋਂ ਹਟਾ ਦਿੰਦਾ ਹੈ। ਕੋਈ ਵੀ ਹੋਰ ਯਾਤਰੀ ਇਸ ਸਵਾਲ ਦੇ ਪ੍ਰਤੀਕਰਮ ਵਜੋਂ ਮੂੰਹ ਨਹੀਂ ਖੋਲ੍ਹਦਾ। ਵਿਸ਼ਵ ਵਿਚ ਅਣਗਿਣਤ ਜੰਗਾਂ ਹੋ ਚੁੱਕੀਆਂ ਹਨ ਅਤੇ ਅਣਗਿਣਤ ਲਗਾਤਾਰ ਜਾਰੀ ਹਨ। ਇਸ ਸਮੇਂ ਪੂਰੇ ਵਿਸ਼ਵ ਵਿਚ 60 ਵੱਖ-ਵੱਖ ਖੇਤਰਾਂ ’ਚ ਜੰਗਾਂ ਤੇ ਖ਼ਾਨਾਜੰਗੀਆਂ ਜਾਰੀ ਹਨ। ਇਨ੍ਹਾਂ ਜੰਗਾਂ ਦੇ ਸਭ ਤੋਂ ਵੱਧ ਸ਼ਿਕਾਰ ਬੱਚੇ ਹੋ ਰਹੇ ਹਨ।

ਅਜੋਕੇ ਯੁੱਗ ਵਿਚ ਜੰਗਾਂ ਵਿਸ਼ਵ ਆਰਥਿਕਤਾ ਤੇ ਸਿਆਸੀ-ਭੂਗੋਲਿਕ ਵਿਵਸਥਾ ’ਤੇ ਕਾਬਜ਼ ਧਨ ਕੁਬੇਰ ਜੋ ਕਾਰਪੋਰੇਟਵਾਦੀਆਂ ਵਜੋਂ ਬਦਨਾਮ ਹਨ, ਆਪਣੇ ਨਫ਼ੇ-ਨੁਕਸਾਨਾਂ ਲਈ ਜੰਗਾਂ ਛੇੜਦੇ ਅਤੇ ਬੰਦ ਕਰਾਉਂਦੇ ਹਨ। ਰਾਸ਼ਟਰਾਂ ਦੇ ਮੁਖੀ ਇਨ੍ਹਾਂ ਦੇ ਮਹਿਜ਼ ਮੋਹਰੇ ਹਨ। ਇਨ੍ਹਾਂ ਵੱਲੋਂ ਛੇੜੀਆਂ ਜੰਗਾਂ ਅਤੇ ਖ਼ਾਨਾਜੰਗੀਆਂ ਨਾਲ ਜੋ ਅਜੋਕੀ ਮਾਨਵ ਜਾਤੀ ਦਾ ਨੁਕਸਾਨ ਹੋ ਰਿਹਾ ਹੈ, ਉਸ ਦੀ ਇਨ੍ਹਾਂ ਨੂੰ ਕੋਈ ਪਰਵਾਹ ਨਹੀਂ। ਸਭ ਤੋਂ ਵੱਡਾ ਨੁਕਸਾਨ ਸਾਡੀ ਨਵੀਂ ਪੀੜ੍ਹੀ ਨਾਲ ਸਬੰਧਤ ਬੱਚਿਆਂ ਦਾ ਹੁੰਦਾ ਹੈ ਜੋ ਅਤਿ ਚਿੰਤਾਜਨਕ ਵਿਸ਼ਾ ਹੈ।

ਪਹਿਲੀ ਵਿਸ਼ਵ ਜੰਗ (1914-1918) ’ਚ 15 ਤੋਂ 22 ਮਿਲੀਅਨ ਲੋਕ ਮਾਰੇ ਗਏ। ਇਨ੍ਹਾਂ ਵਿਚ ਕਿੰਨੇ ਬੱਚੇ ਮਾਰੇ ਗਏ ਜਾਂ ਅਪਾਹਜ ਹੋਏ, ਇਸ ਦਾ ਰਿਕਾਰਡ ਮੌਜੂਦ ਨਹੀਂ। ਦੂਸਰੀ ਵਿਸ਼ਵ ਜੰਗ (1939-1945) ਵਿਚ 70ਤੋਂ 85 ਮਿਲੀਅਨ ਲੋਕ ਮਾਰੇ ਗਏ। ਨਾਜ਼ੀ ਸਰਬਨਾਸ਼ ਵਿਚ 1.5 ਮਿਲੀਅਨ ਯਹੂਦੀ ਅਤੇ ਬਾਕੀ ਜੰਗ ਵਿਚ ਗੋਲੀਬਾਰੀ ਵਿਚ ਇਕ ਮਿਲੀਅਨ ਬੱਚੇ ਮਾਰੇ ਗਏ।

ਸੰਨ 2024 ਦੀ ਯੂਨੀਸੈਫ ਰਿਪੋਰਟ ਅਨੁਸਾਰ ਮੌਜੂਦਾ ਜੰਗਾਂ ਤੇ ਖ਼ਾਨਾਜੰਗੀਆਂ ਦੇ 473 ਮਿਲੀਅਨ ਬੱਚੇ ਸ਼ਿਕਾਰ ਹਨ ਭਾਵ 5 ’ਚੋਂ 1 ਬੱਚਾ। ਸੰਨ 1999 ਵਿਚ ਯੂਐਨ ਨੇ ਪਹਿਲਾ ਮਤਾ ਪਾਸ ਕੀਤਾ ਜਿਸ ਵਿਚ ਜੰਗ ਸਮੇਂ ਬੱਚਿਆਂ ਸਬੰਧੀ ਬਹੁਤ ਹੀ ਸੰਗੀਨ ਛੇ ਉਲੰਘਣਾਵਾਂ ਦਰਜ ਕੀਤੀਆਂ ਗਈਆਂ ਜਿਵੇਂ ਕਿ 1) ਮੌਤ ਦੇ ਘਾਟ ਉਤਾਰਨਾ ਤੇ ਅਪਾਹਜ ਬਣਾਉਣਾ 2) ਬੱਚਿਆਂ ਨੂੰ ਜਬਰੀ ਜੰਗੀ ਮੁਹਾਜ਼ ਲਈ ਭਰਤੀ ਕਰਨਾ 3) ਸਕੂਲਾਂ ਤੇ ਹਸਪਤਾਲਾਂ ’ਤੇ ਹਮਲੇ ਕਰਨਾ 4)ਬੱਚਿਆਂ ਨੂੰ ਬਲਾਤਕਾਰ ਅਤੇ ਹਿੰਸਾ ਦਾ ਸ਼ਿਕਾਰ ਬਣਾਉਣਾ 5) ਬੱਚਿਆਂ ਨੂੰ ਅਗਵਾ ਕਰਨਾ ਅਤੇ 6) ਬੱਚਿਆਂ ਨੂੰ ਮਾਨਵਵਾਦੀ ਸਹਾਇਤਾ ਤੋਂ ਵੰਚਿਤ ਕਰਨਾ।

ਕੋਈ ਜੰਗ ਅਜਿਹੀ ਨਹੀਂ ਜਿਸ ਵਿਚ ਬੱਚਿਆਂ ਨਾਲ ਅਜਿਹੇ ਗੁਨਾਹ ਨਹੀਂ ਕੀਤੇ ਜਾਂਦੇ। ਸੱਤ ਅਕਤੂਬਰ ਸੱਤ 2023 ਨੂੰ ਹਮਾਸ ਨੇ ਇਜ਼ਰਾਈਲ ’ਤੇ ਹਮਲਾ ਕਰ ਕੇ 1200 ਲੋਕ ਮਾਰ ਦਿੱਤੇ ਸਨ ਜਿਨ੍ਹਾਂ ਵਿਚ 38 ਬੱਚੇ ਵੀ ਸ਼ਾਮਲ ਸਨ। ਢਾਈ ਸੌ ਲੋਕ ਬੰਦੀ ਬਣਾਏ ਜਿਨਾਂ ਵਿਚ 42 ਬੱਚੇ ਸ਼ਾਮਲ ਸਨ। ਉਸ ਤੋਂ ਬਾਅਦ ਅਮਰੀਕਾ ਤੇ ਨਾਟੋ ਦੀ ਮਿਲੀਭੁਗਤ ਨਾਲ ਇਜ਼ਰਾਈਲ ਨੇ ਗਾਜ਼ਾ ਪੱਟੀ ਨੂੰ ਮਿੱਟੀ ਦਾ ਢੇਰ ਬਣਾ ਦਿੱਤਾ ਤੇ ਪੱਛਮੀ ਕਿਨਾਰੇ ’ਤੇ ਰਹਿਣ ਵਾਲੇ ਫਲਸਤੀਨੀਆਂ ਦਾ ਭਾਰੀ ਨੁਕਸਾਨ ਕੀਤਾ ਜੋ ਅੱਜ ਵੀ ਜਾਰੀ ਹੈ। ਗਾਜ਼ਾ ’ਚ 72263 ਤੇ ਪੱਛਮੀ ਕਿਨਾਰੇ ’ਚ 1138 ਲੋਕ ਮਾਰ ਦਿੱਤੇ ਗਏ ਹਨ। ਲਗਪਗ 65 ਹਜ਼ਾਰ ਬੱਚੇ ਮਾਰੇ ਗਏ ਅਤੇ 21 ਹਜ਼ਾਰ ਗਾਇਬ ਹਨ। ਪਚਾਸੀ ਪ੍ਰਤੀਸ਼ਤ ਗਾਜ਼ਾ ਵਾਸੀ ਜਬਰੀ ਘਰੋਂ-ਬੇਘਰ ਕੀਤੇ ਗਏ,12 ਯੂਨੀਵਰਸਿਟੀਆਂ ਤੇ 97% ਸਕੂਲ ਤੇ ਹਸਪਤਾਲ ਢਹਿਢੇਰੀ ਕੀਤੇ ਗਏ। ਸਾਢੇ ਕੁ ਛੇ ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਅੱਜ ਵੀ ਗੋਲੀਬੰਦੀ ਦੇ ਬਾਵਜੂਦ ਰੋਜ਼ਾਨਾ ਕਤਲੋਗਾਰਤ ਇਜ਼ਰਾਇਲੀ ਯਹੂਦੀ ਬੈਂਜਾਮਿਨ ਨੇਤਨਯਾਹੂ ਨਿਜ਼ਾਮ ਵੱਲੋਂ ਬੇਦਰਦੀ ਨਾਲ ਜਾਰੀ ਹੈ। ਯੂਕਰੇਨ ਅੰਦਰ ਰੂਸੀ ਹਮਲੇ ਕਰਕੇ 2589900 ਜੋ ਕੁੱਲ ਬੱਚਿਆਂ ਦਾ ਇਕ-ਤਿਹਾਈ ਹਨ, ਸਕੂਲ ਛੱਡਣ ਲਈ ਮਜਬੂਰ ਹਨ ਤੇ 791000 ਬੱਚੇ ਯੂਕਰੇਨ ਤੇ 1798900 ਬੱਚੇ ਯੂਕਰੇਨ ਤੋਂ ਬਾਹਰ ਰਫਿਊਜੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹਨ। ਕਰੀਬ 3200 ਬੱਚੇ 24 ਫਰਵਰੀ 2022 ਤੋਂ ਹੁਣ ਤੱਕ ਮਾਰੇ ਜਾ ਚੁੱਕੇ ਹਨ ਜਾਂ ਜ਼ਖ਼ਮੀ ਹੋਏ ਹਨ। ਸਤਾਰਾਂ ਸੌ ਸਕੂਲ ਅਤੇ ਹੋਰ ਸਿੱਖਿਆ ਸੰਸਥਾਵਾਂ ਬੰਬਾਰੀ ਕਰਕੇ ਢੇਰ ਹੋ ਗਈਆਂ ਹਨ। ਬਹੁਤ ਸਾਰੇ ਬੱਚੇ ਰੂਸੀ ਅਧਿਕਾਰੀਆਂ ਵੱਲੋਂ ਬੰਧਕ ਬਣਾ ਕੇ ਰੂਸ ਭੇਜੇ ਜਾ ਚੁੱਕੇ ਹਨ।

ਸੂਡਾਨ ਦੀ ਪੱਚੀ ਮਿਲੀਅਨ ਆਬਾਦੀ ਵਿੱਚੋਂ 8 ਮਿਲੀਅਨ ਲੋਕ ਬੇਘਰ ਹਨ ਜਿਨ੍ਹਾਂ ’ਚ ਚਾਰ ਮਿਲੀਅਨ ਬੱਚੇ ਸ਼ਾਮਲ ਹਨ। ਲਗਪਗ 14000 ਬੱਚੇ ਮਾਰੇ ਗਏ ਹਨ ਤੇ 1300 ਬੱਚੇ ਰੋਜ਼ਾਨਾ 300 ਦਿਨਾਂ ਲਈ ਬੇਘਰ ਹੋਣ ਲਈ ਮਜਬੂਰ ਕੀਤੇ ਗਏ। ਕੋਲੰਬੀਆ ਅੰਦਰ ਹਿੰਸਾ ਕਰਕੇ 7.7ਮਿਲੀਅਨ ਬੱਚੇ ਪ੍ਰਭਾਵਿਤ ਹਨ। ਉੱਥੇ 3.1 ਮਿਲੀਅਨ ਬੱਚੇ ਅਤੀ ਭੈੜੀ ਦਸ਼ਾ ਵਿਚ ਰਹਿਣ ਲਈ ਮਜਬੂਰ ਹਨ। ਯੂਐੱਨ ਅਨੁਸਾਰ ਸੰਨ 2022 ਵਿਚ 130 ਤੇ 2023 ’ਚ ਸਤੰਬਰ ਤੱਕ 208 ਬੱਚੇ ਜਿਨ੍ਹਾਂ ਵਿਚ 35% ਲੜਕੀਆਂ ਅਤੇ 65% ਲੜਕੇ ਸਨ, ਜਬਰੀ ਹਥਿਆਰਬੰਦ ਗਰੁੱਪਾਂ ਵੱਲੋਂ ਭਰਤੀ ਕੀਤੇ ਗਏ।

ਅਮਰੀਕਾ-ਇਜ਼ਰਾਈਲ ਵੱਲੋਂ 28 ਫਰਵਰੀ ਨੂੰ ਈਰਾਨ ’ਤੇ ਹਮਲੇ ਤੋਂ ਬਾਅਦ ਈਰਾਨ ਦੇ ਸਿਹਤ ਮੰਤਰਾਲੇ ਅਨੁਸਾਰ 1500 ਤੋਂ ਵੱਧ ਲੋਕ ਮਾਰੇ ਗਏ, 19000 ਤੋਂ ਵੱਧ ਜ਼ਖ਼ਮੀ ਹੋਏ, 8 ਲੱਖ ਈਰਾਨੀ ਬੇਘਰ ਹੋਏ ਜਿਨ੍ਹਾਂ ’ਚੋਂ ਤਿੰਨ ਲੱਖ ਬੱਚੇ ਹਨ। ਸਕੂਲ ਬੰਦ ਹੋਣ ਕਰਕੇ ਪੰਜ ਲੱਖ ਬੱਚੇ ਸਿੱਖਿਆ ਤੋਂ ਮਹਿਰੂਮ ਹੋ ਗਏ। ਲੈਬਨਾਨ ਵਿਚ 10 ਲੱਖ ਤੋਂ ਵੱਧ ਲੋਕ ਬੇਘਰ ਹੋਏ ਹਨ ਤੇ 1038 ਤੋਂ ਵੱਧ ਮਾਰੇ ਗਏ ਹਨ ਜਿਨਾਂ ’ਚ 118 ਬੱਚੇ ਸ਼ਾਮਲ ਹਨ। ਈਰਾਨ ਅੰਦਰ 1510 ਤੋਂ ਵੱਧ ਬੱਚੇ ਜ਼ਖ਼ਮੀ ਹੋਏ ਜਾਂ ਮਾਰੇ ਗਏ। ਅਠਾਈ ਫਰਵਰੀ ਨੂੰ ਤਾਈਬਾ ਗਰਲਜ਼ ਐਲੀਮੈਂਟਰੀ ਸਕੂਲ ਮੀਨਾਬ ਦੱਖਣੀ ਈਰਾਨ ਵਿਚ 7-12 ਸਾਲ ਦੀਆਂ ਬੱਚੀਆਂ ਜੋ ਆਪਣੀਆਂ ਕਲਾਸਾਂ ਵਿਚ ਪੜ੍ਹ ਰਹੀਆਂ ਸਨ, ਨੂੰ ਬੈਲੇਸਟਿਕ ਮਿਜ਼ਾਈਲਾਂ ਦਾ ਸ਼ਿਕਾਰ ਅਮਰੀਕੀ-ਇਜ਼ਰਾਇਲੀ ਜੰਗਬਾਜ਼ਾਂ ਨੇ ਬਣਾਇਆ। ਇਨ੍ਹਾਂ ’ਚੋਂ 175 ਬੱਚੀਆਂ ਮਾਰੀਆਂ ਗਈਆਂ। ਇਸ ਤੋਂ ਵੱਡਾ ਖ਼ੌਫ਼ਨਾਕ ਗੁਨਾਹ ਹੋਰ ਕੀ ਹੋ ਸਕਦਾ ਹੈ ਮਾਨਵਤਾ ਵਿਰੁੱਧ।

# ਜੀਵਨ ਦਾ ਅਨਮੋਲ ਖ਼ਜ਼ਾਨਾ ਹਨ ਖ਼ੁਸ਼ੀਆਂ

ਦੁਨੀਆ ਵਿੱਚ ਹਰ ਸਾਲ 20 ਮਾਰਚ ਨੂੰ ਅੰਤਰਰਾਸ਼ਟਰੀ ਖ਼ੁਸ਼ੀ ਦਿਵਸ ਵਜੋਂ ਮਨਾਇਆ ਜਾਂਦਾ ਹੈ, ਪਰ ਹੈਰਾਨਗੀ ਦੀ ਗੱਲ ਹੈ ਕਿ ਆਖਿਰ ਇਹ ਦਿਨ ਮਨਾਉਣ ਦੀ ਕਿਉਂ ਲੋੜ ਪਈ? ਇਸ ਦਿਨ ਨੂੰ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਸਲਾਹਕਾਰ ਰਹਿ ਚੁੱਕੇ ਜੈਮੀ ਇਲੀਅਨ ਦੀ ਵਜ੍ਹਾ ਕਰਕੇ ਮਨਾਇਆ ਜਾਂਦਾ ਹੈ ਜੋ ਖੁਦ ਅਨਾਥ ਸੀ। ਜਦੋਂ ਵੀ ਉਹ ਮਾਸੂਮ ਅਤੇ ਗ਼ਰੀਬ ਅਨਾਥ ਬੱਚਿਆਂ ਦੇ ਚਿਹਰਿਆਂ 'ਤੇ ਉਦਾਸੀ ਦੇਖਦਾ ਤਾਂ ਉਹ ਸੋਚਦਾ ਕਿ ਸਾਲ ਵਿੱਚ ਘੱਟੋ ਘੱਟ ਇੱਕ ਖ਼ੁਸ਼ੀ ਦਾ ਦਿਨ ਇਹੋ ਜਿਹੇ ਲੋਕਾਂ ਲਈ ਵੀ ਰੱਖਿਆ ਜਾਵੇ। ਇਸ ਮਸ਼ਹੂਰ ਸਮਾਜ ਸੇਵੀ ਨੇ ਜ਼ਿੰਦਗੀ ਵਿੱਚ ਖ਼ੁਸ਼ੀ ਦੀ ਮਹੱਤਤਾ 'ਤੇ ਕਾਫ਼ੀ ਕੰਮ ਕੀਤਾ ਹੈ। ਉਸ ਨੇ ਖ਼ੁਸ਼ੀਆਂ ਨੂੰ ਜੀਵਨ ਦਾ ਅਨਮੋਲ ਖਜ਼ਾਨਾ ਮੰਨਿਆ ਹੈ। ਉਸ ਅਨੁਸਾਰ ਜੇਕਰ ਕੋਈ ਵਿਅਕਤੀ ਜੀਵਨ ਵਿੱਚ ਖ਼ੁਸ਼ ਰਹਿੰਦਾ ਹੈ ਤਾਂ ਉਹ ਬਹੁਤ ਤੇਜ਼ੀ ਨਾਲ ਤਰੱਕੀ ਕਰਦਾ ਹੈ ਅਤੇ ਅੱਗੇ ਵਧਦਾ ਹੈ।



ਖ਼ੁਸ਼ੀ ਦਿਵਸ ਨੂੰ ਮਨਾਉਣ ਦਾ ਮਕਸਦ ਜ਼ਿੰਦਗੀ ਦੇ ਨਜ਼ਰੀਏ ਵਿੱਚ ਬਦਲਾਅ ਕਰਨਾ ਹੈ, ਦੁਨੀਆ ਨੂੰ ਇਸ ਗੱਲ ਦਾ ਅਹਿਸਾਸ ਦਿਵਾਉਣਾ ਹੈ ਕਿ ਸਿਰਫ਼ ਆਰਥਿਕ ਵਿਕਾਸ ਹੀ ਜ਼ਰੂਰੀ ਨਹੀਂ ਬਲਕਿ ਲੋਕਾਂ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਅਤੇ ਸੁੱਖ ਨੂੰ ਵਧਾਉਣਾ ਵੀ ਬੇਹੱਦ ਜ਼ਰੂਰੀ ਹੈ। ਦੁਨੀਆ ਵਿੱਚ ਜਿਸ ਇਨਸਾਨ ਨੇ ਜ਼ਿੰਦਗੀ ਨੂੰ ਸਮਝ ਲਿਆ ਹੈ ਅਤੇ ਜਿਉਣ ਦੀ ਕਲਾ ਸਿਖ ਲਈ ਹੈ, ਉਹ ਦੁਨੀਆ ਦੇ ਖ਼ੁਸ਼ਹਾਲ ਅਤੇ ਮਹਾਨ ਵਿਅਕਤੀਆ ਵਿੱਚ ਗਿਣਿਆ ਜਾਂਦਾ ਹੈ। ਖ਼ੁਸ਼ੀ ਮਨੁੱਖ ਦੇ ਆਨੰਦਮਈ ਅਹਿਸਾਸ ਦਾ ਉਹ ਹਸੀਨ ਵਰਕਾ ਹੈ, ਜਿਸ 'ਤੇ ਸੁਖਮਈ ਜੀਵਨ ਦੀ ਖ਼ੁਸ਼ਬੋਈ ਫੈਲੀ ਹੋਈ ਹੈ। ਖ਼ੁਸ਼ੀ ਮਾਨਸਿਕ ਸਕੂਨ, ਅਨੰਦ, ਤਸੱਲੀ, ਮੁਸਕਰਾਹਟ ਅਤੇ ਮਿੱਠੜੀ ਚਾਸ਼ਨੀ 'ਚ ਗੜੁੱਚ ਮਧੁਰ ਭਾਵਾਂ ਦਾ ਸੁਮੇਲ ਹੈ। ਕਈ ਵਾਰੀ ਜੀਵਨ ਦੇ ਉਤਰਾਅ ਚੜ੍ਹਾਅ ਭਰੇ ਸਮੇਂ 'ਚ ਅਸੀਂ ਆਪਣੇ ਉਹ ਖ਼ੂਬਸੂਰਤ ਪਲ ਵਿਸਾਰ ਦਿੰਦੇ ਹਾਂ ਜਿਨ੍ਹਾਂ 'ਚ ਅਸੀਂ ਖ਼ੁਸ਼ੀ ਮਹਿਸੂਸ ਕਰ ਸਕਦੇ ਹੁੰਦੇ ਹਾਂ।

ਖ਼ੁਸ਼ੀ ਕੁਦਰਤ ਨੂੰ ਮਹਿਸੂਸ ਕਰਨ ਦਾ ਜ਼ਰੀਆ ਹੈ, ਖ਼ੁਸ਼ੀ ਦਾ ਅਹਿਸਾਸ ਰੂਹ ਨਾਲ ਜੁੜਿਆ ਹੋਇਆ ਹੈ, ਖ਼ੁਸ਼ੀ ਉਹ ਹਸੀਨ ਪਲਾਂ ਦਾ ਬਗੀਚਾ ਹੈ, ਜਿਸ 'ਚ ਦੁੱਖ, ਪੀੜਾ, ਵੈਰਾਗ, ਉਦਾਸੀ ਆਦਿ ਨਾਮ ਦਾ ਕੋਈ ਪੌਦਾ ਉੱਗਿਆ ਹੀ ਨਹੀਂ। ਕੁਦਰਤ ਸਾਨੂੰ ਖ਼ੁਸ਼ ਹੋਣ ਦੇ ਹਜ਼ਾਰਾਂ ਮੌਕੇ ਪ੍ਰਦਾਨ ਕਰਦੀ ਹੈ, ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਨੂੰ ਕਿਸ ਤਰ੍ਹਾਂ ਜਿਉਣਾ ਹੈ। ਜ਼ਿੰਦਗੀ ਦਾ ਸਭ ਤੋਂ ਵੱਧ ਖ਼ੁਸ਼ਹਾਲ ਵਕਤ ਬਚਪਨ ਨੂੰ ਮੰਨਿਆ ਗਿਆ ਹੈ। ਉਸ ਤੋਂ ਬਾਅਦ ਜਿਵੇਂ ਜਿਵੇਂ ਇਨਸਾਨ ਹੋਸ਼ ਸੰਭਾਲਦਾ ਹੈ, ਉਸੇ ਤਰ੍ਹਾਂ ਜ਼ਿੰਮੇਵਾਰੀਆਂ ਦੀ ਦਹਿਲੀਜ਼ 'ਤੇ ਖਲੋ ਜਾਂਦਾ ਹੈ ਅਤੇ ਖ਼ੁਸ਼ੀਆਂ ਲੋਪ ਹੋਣ ਲੱਗਦੀਆਂ ਹਨ। ਸਵੈ ਪਿਆਰ ਅੱਜ ਦੇ ਸਮੇਂ ਦੇ ਸਭ ਤੋਂ ਪ੍ਰਚੱਲਿਤ ਸ਼ਬਦਾਂ ਵਿੱਚੋਂ ਇੱਕ ਹੈ, ਪਰ ਇਸ ਸ਼ਬਦ ਦਾ ਆਪਣੇ ਆਪ ਵਿੱਚ ਬਹੁਤ ਡੂੰਘਾ ਅਰਥ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੋ ਲੋਕ ਆਪਣੇ ਆਪ ਨੂੰ ਪਿਆਰ ਕਰਦੇ ਹਨ, ਉਹ ਨਾ ਸਿਰਫ਼ ਖ਼ੁਦ ਖ਼ੁਸ਼ ਰਹਿੰਦੇ ਹਨ, ਸਗੋਂ ਦੂਜਿਆਂ ਦੀ ਜ਼ਿੰਦਗੀ ਵਿੱਚ ਵੀ ਖ਼ੁਸ਼ੀ ਦਾ ਕਾਰਨ ਬਣ ਸਕਦੇ ਹਨ।

ਅਸੀਂ ਰੋਜ਼ਮਰਾ ਦੀ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਇੰਨੇ ਉਲਝ ਗਏ ਹਾਂ ਕਿ ਕਦੇ ਕੁਝ ਸਮਾਂ ਇਕੱਲੇ ਬੈਠ ਕੇ ਆਪਣੇ ਬਾਰੇ ਸੋਚਣਾ ਵੀ ਦੂਰ ਹੋ ਗਇਆ ਹੈ। ਅਜੋਕੇ ਸਮੇਂ ਵਿੱਚ ਜ਼ਿੰਮੇਵਾਰੀਆਂ ਵਿੱਚ ਉਲਝਿਆ ਇਨਸਾਨ ਆਪਣੇ ਆਪ ਨੂੰ ਭੁੱਲਦਾ ਜਾ ਰਿਹਾ ਹੈ।

ਖ਼ੁਸ਼ਹਾਲ ਜ਼ਿੰਦਗੀ ਬਾਰੇ ਲੋਕਾਂ ਦੀ ਅਲੱਗ ਅਲੱਗ ਸੋਚ ਹੋ ਸਕਦੀ ਹੈ। ਇਹ ਸੋਚ ਉਨ੍ਹਾਂ ਦੇ ਰਹਿਣ-ਸਹਿਣ, ਅਮੀਰੀ-ਗ਼ਰੀਬੀ, ਦੇਸ਼ ਅਤੇ ਵਿਚਾਰਧਾਰਾ 'ਤੇ ਨਿਰਭਰ ਕਰਦੀ ਹੈ ਜਿਵੇਂ ਕਿ ਛੋਟੇ ਬੱਚਿਆਂ ਲਈ ਖਿਡਾਉਣਿਆਂ ਵਿੱਚ ਹੀ ਖ਼ੁਸ਼ੀ ਹੈ। ਜ਼ਿੰਦਗੀ ਨੂੰ ਕਿਸ ਤਰ੍ਹਾਂ ਜੀਆ ਜਾਵੇ, ਇਸ ਲਈ ਕੋਈ ਫਾਰਮੂਲਾ ਬਣਾਉਣਾ ਤਾਂ ਸੰਭਵ ਨਹੀਂ ਕਿਉਂਕਿ ਹਰ ਵਿਅਕਤੀ ਦੀ ਆਪਣੀ ਜ਼ਿੰਮੇਵਾਰੀ ਅਤੇ ਆਪਣਾ ਸੰਘਰਸ਼ ਹੁੰਦਾ ਹੈ ਅਤੇ ਉਸ ਮੁਤਾਬਕ ਉਸ ਨੂੰ ਜੀਵਨ ਜਿਉਣਾ ਹੁੰਦਾ ਹੈ, ਪਰ ਇਹ ਵੀ ਸੱਚ ਹੈ ਕਿ ਜ਼ਿੰਦਗੀ ਦੀ ਸਾਰਥਿਕਤਾ ਇਸ ਗੱਲ 'ਚ ਹੈ ਕਿ ਤੁਸੀਂ ਕਿੰਨਾ ਸਮਾਂ ਖ਼ੁਸ਼ ਰਹਿ ਕੇ ਬਿਤਾਇਆ ਹੈ। ਇਹ ਪੈਸਿਆਂ 'ਤੇ ਨਿਰਭਰ ਨਹੀਂ ਕਰਦਾ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਾਡਾ ਖ਼ੁਸ਼ੀਆਂ ਨੂੰ ਲੱਭਣ ਅਤੇ ਮਹਿਸੂਸ ਕਰਨ ਦਾ ਨਜ਼ਰੀਆ ਕਿਹੋ ਜਿਹਾ ਹੈ ? 'ਜੇਕਰ ਇਸ ਤਰ੍ਹਾਂ ਹੁੰਦਾ ਤਾਂ ਉਵੇਂ ਹੁੰਦਾ' ਵਰਗੀ ਸੋਚ ਰੱਖਣ ਤੋਂ ਬਾਅਦ ਸਿਰਫ਼ ਇੱਕ ਅਹਿਸਾਸ ਰਹਿ ਜਾਂਦਾ ਹੈ ਕਿ ਕਾਸ਼ ਜ਼ਿੰਦਗੀ ਨੇ ਮੈਨੂੰ ਖ਼ੁਸ਼ਹਾਲ ਬਣਾਇਆ ਹੁੰਦਾ। ਸਹੀ ਸਮਾਂ ਵਰਤਮਾਨ ਹੀ ਹੈ। ਆਪਣੀ ਬੰਦ ਮੁੱਠੀ ਨੂੰ ਹੌਲੀ-ਹੌਲੀ ਖੋਲ੍ਹੋ, ਖ਼ੁਸ਼ੀਆਂ ਨੂੰ ਆਜ਼ਾਦ ਕਰੋ ਅਤੇ ਆਪਣੇ ਜੀਵਨ ਦੇ ਇੱਕ ਇੱਕ ਪਲ ਨੂੰ ਇਨ੍ਹਾਂ ਖ਼ੁਸ਼ੀਆਂ ਦੇ ਨਾਲ ਜਿਉਣ ਦੀ ਕੋਸ਼ਿਸ਼ ਕਰੋ। 'ਮੈਂ ਹਰ ਹਾਲ 'ਚ ਖ਼ੁਸ਼ ਰਹਿਣਾ ਹੈ' ਇਸ ਮੂਲਮੰਤਰ ਨੂੰ ਆਪਣੀ ਆਦਤ 'ਚ ਸ਼ਾਮਿਲ ਕਰੋ। ਸਭ ਤੋਂ ਪਹਿਲਾਂ ਹੌਲੀ ਜਿਹੇ ਮੁਸਕਰਾਓ, ਫਿਰ ਥੋੜ੍ਹਾ ਜਿਹਾ ਹੋਰ ਮੁਸਕਰਾਓ, ਫਿਰ ਹੌਲੀ-ਹੌਲੀ ਮੁਸਕਰਾਹਟ ਨੂੰ ਹਾਸੇ 'ਚ ਤਬਦੀਲ ਕਰੋ ਅਤੇ ਫਿਰ ਖਿੜ-ਖਿੜਾ ਕੇ ਹੱਸੋ। ਇਹ ਡਿਪ੍ਰੈਸ਼ਨ, ਚਿੰਤਾ ਅਤੇ ਉਦਾਸੀ ਤੋਂ ਨਿਜ਼ਾਤ ਪਾਉਣ ਦਾ ਸਭ ਤੋਂ ਕਾਰਗਰ ਉਪਾਅ ਹੈ। ਪਹਿਲਾਂ ਫ਼ੁਰਸਤ ਦਾ ਸਮਾਂ ਚੁਣੋ। (ਜਵਾਬ ਇਹ ਨਹੀਂ ਹੋਣਾ ਚਾਹੀਦਾ ਕਿ ਕੰਮ ਤੋਂ ਫ਼ੁਰਸਤ ਹੀ ਨਹੀਂ ਮਿਲਦੀ) ਬਿਨਾਂ ਕਿਸੇ ਵਜ੍ਹਾ ਨਾਲ ਹੱਸਣਾ ਸ਼ੁਰੂ ਕਰੋ, ਖੁੱਲ੍ਹ ਕੇ ਹੱਸੋ ਬਿਨਾਂ ਕਿਸੇ ਸੰਕੋਚ ਦੇ। ਮਨੋਵਿਗਿਆਨੀਆਂ ਨੇ ਵੀ ਵਿਗਿਆਨਕ ਆਧਾਰ 'ਤੇ ਤਜਰਬੇ ਕਰਕੇ ਵਾਰ ਵਾਰ ਸਿੱਧ ਕੀਤਾ ਹੈ ਕਿ ਸਕਾਰਾਤਮਕ ਸੋਚ, ਮਿਹਨਤ, ਪ੍ਰਤੀਬੱਧਤਾ, ਲਗਨ, ਦ੍ਰਿੜ੍ਹ ਵਿਸ਼ਵਾਸ ਦੇ ਸਾਹਮਣੇ ਜ਼ਿੰਦਗੀ ਦੀਆਂ ਸਭ ਮੁਸੀਬਤਾਂ ਸਿਰ ਝੁਕਾ ਦਿੰਦੀਆਂ ਹਨ ਅਤੇ ਅਜਿਹੇ ਮਨੁੱਖ ਦਾ ਕੁਦਰਤ ਵੀ ਸਾਥ ਦੇਣ ਲੱਗਦੀ ਹੈ ਅਤੇ ਉਹ ਇਹੋ ਜਿਹੀਆਂ ਸਥਿਤੀਆਂ ਵਿੱਚ ਵੀ ਖ਼ੁਸ਼ ਰਹਿਣਾ ਜਾਣਦਾ ਹੈ।

ਖ਼ੁਸ਼ ਰਹਿਣਾ ਵੀ ਇੱਕ ਕਲਾ ਹੈ, ਕਲਾ ਹੀ ਨਹੀਂ ਸਗੋਂ ਇੱਕ ਸਮਝਦਾਰੀ ਵੀ ਹੈ। ਖ਼ੁਸ਼ਹਾਲ ਜੀਵਨ ਅੱਗੇ ਵਧਣ ਦਾ ਸਿਧਾਂਤ ਹੈ, ਸਥਿਰ ਰਹਿਣ ਦਾ ਨਹੀਂ। ਜ਼ਿੰਦਗੀ ਜਿਉਣਾ ਹੋਰ ਗੱਲ ਹੈ ਅਤੇ ਖ਼ੁਸ਼ੀ ਨਾਲ ਜਿਉਣਾ ਹੋਰ ਗੱਲ ਹੈ। ਜ਼ਿੰਦਗੀ ਜਿਉਣ ਵਾਲੇ ਬੰਦੇ ਉਹ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਦੇ ਮਾਲਕ ਆਪ ਹੁੰਦੇ ਹਨ। ਉਹ ਆਪ ਇਸ ਨੂੰ ਸੇਧ ਦਿੰਦੇ ਹਨ, ਮਕਸਦ ਦਿੰਦੇ ਹਨ ਅਤੇ ਇਸ ਵਿੱਚ ਕਈ ਰੰਗ ਭਰਦੇ ਹਨ। ਦੁੱਖ ਭਰੀ ਜ਼ਿੰਦਗੀ ਭੋਗਣ ਜਾਂ ਕੱਟਣ ਵਾਲੇ ਉਹ ਇਨਸਾਨ ਹੁੰਦੇ ਹਨ ਜਿਨ੍ਹਾਂ ਨੂੰ ਜ਼ਿੰਦਗੀ ਆਪ ਚਲਾਉਂਦੀ ਹੈ, ਕਦੇ ਰੁਆਉਂਦੀ ਹੈ। ਉਹ ਜ਼ਿੰਦਗੀ ਦੇ ਗ਼ੁਲਾਮ ਬਣੇ ਰਹਿੰਦੇ ਹਨ ਅਤੇ ਆਪਣੀ ਮੰਦਹਾਲੀ ਲਈ ਕਰਮਾਂ ਨੂੰ ਜਾਂ ਰੱਬ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਨ ਅਤੇ ਦੁਖੀ ਰਹਿੰਦੇ ਹਨ। ਜ਼ਿੰਦਗੀ ਵਿੱਚ ਦੁੱਖ ਤੇ ਸੁੱਖ ਨਾਲ ਨਾਲ ਚੱਲਦੇ ਹਨ। ਦੁੱਖਾਂ ਵਿੱਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇੱਕ ਵਾਰ ਕਿਸੇ ਬੰਦੇ ਨੇ ਇੱਕ ਸਾਧੂ ਨੂੰ ਸਵਾਲ ਕੀਤਾ ਕਿ ਕੋਈ ਅਜਿਹਾ ਵਚਨ ਕਰੋ ਜਿਸ ਨਾਲ ਆਤਮ ਵਿਸ਼ਵਾਸ ਮਜ਼ਬੂਤ ਹੋਵੇ ਤਾਂ ਉਸ ਸਿੱਧ ਪੁਰਖ ਨੇ ਜਵਾਬ ਦਿੱਤਾ; ਇਹ ਸਮਾਂ ਵੀ ਗੁਜ਼ਰ ਜਾਏਗਾ। ਸੱਚਮੁੱਚ ਉਸ ਭਲੇ ਪੁਰਖ ਦਾ ਜਵਾਬ ਬਹੁਤ ਕਮਾਲ ਦਾ ਸੀ। ਸੁੱਖ ਵਿੱਚ ਵਿਅਕਤੀ ਨੂੰ ਆਪਣੇ ਪੈਰ ਨਹੀਂ ਛੱਡਣੇ ਚਾਹੀਦੇ ਅਤੇ ਦੁੱਖ ਵਿੱਚ ਹਿੰਮਤ। ਚੰਗਾ ਅਤੇ ਮਾੜਾ ਸਮਾਂ ਨਾਲ ਨਾਲ ਚੱਲਦਾ ਹੈ।

ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ, ਪਰ ਸੁਧਾਰਨਾ ਨਹੀਂ। ਇੱਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਉਂਦੇ ਹਾਂ, ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਉਂਦੇ ਹਾਂ।

ਕਈ ਲੋਕ ਛੋਟੀਆਂ ਛੋਟੀਆਂ ਗੱਲਾਂ ਵਿੱਚ ਵੀ ਵੱਡੀਆਂ ਖ਼ੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਵੱਡੀਆਂ ਖ਼ੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ। ਕਈ ਵਾਰੀ ਅਸੀਂ ਜੋ ਕੁਝ ਕੋਲ ਮੌਜੂਦ ਹੈ, ਉਸ ਨੂੰ ਮਾਣਨ ਦੀ ਥਾਂ ਜੋ ਕੋਲ ਨਹੀਂ ਦਾ ਰੋਣਾ ਰੋਂਦੇ ਰਹਿੰਦੇ ਹਾਂ ਅਤੇ ਵਕਤ ਅਤੇ ਕਿਸਮਤ ਨੂੰ ਕੋਸਦੇ ਕੋਸਦੇ ਆਪਣੀ ਸਾਰੀ ਜ਼ਿੰਦਗੀ ਕੱਢ ਦਿੰਦੇ ਹਾਂ। ਬੀਤ ਗਏ ਵਕਤ ਬਾਰੇ ਸੋਚ ਸੋਚ ਕੇ ਉਦਾਸ ਹੋਣਾ ਅਤੇ ਭਵਿੱਖ ਬਾਰੇ ਹਮੇਸ਼ਾਂ ਚਿੰਤਤ ਰਹਿਣਾ ਮਨੁੱਖ ਨੂੰ ਉਦਾਸੀ ਦੀ ਦਹਿਲੀਜ਼ 'ਤੇ ਲੈ ਜਾਂਦਾ ਹੈ। ਮਨੁੱਖੀ ਜੀਵਨ ਇੱਕ ਰੰਗਮੰਚ ਹੈ। ਹਰ ਇਨਸਾਨ ਇਸ ਦੁਨੀਆ ਰੂਪੀ ਰੰਗਮੰਚ ਉੱਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਸਾਨੂੰ ਹਰ ਰੋਲ ਬਾਖ਼ੂਬੀ ਖ਼ੁਸ਼ੀ ਨਾਲ ਨਿਭਾਉਣਾ ਚਾਹੀਦਾ ਹੈ।

**ਇੰਨੀ ਸ਼ਿਦਤ ਨਾਲ ਨਿਭਾਓ ਜ਼ਿੰਦਗੀ ਦਾ ਕਿਰਦਾਰ**
ਕਿ ਪਰਦਾ ਡਿੱਗਣ ਤੋਂ ਬਾਅਦ
ਵੀ ਵੱਜਦੀਆਂ ਰਹਿਣ ਤਾੜੀਆਂ

ਮਿਹਨਤ ਨਾਲ ਧੰਨ ਕਮਾਉਣਾ ਮਾੜੀ ਗੱਲ ਨਹੀਂ ਹੈ, ਪਰ ਸਿਰਫ਼ ਪੈਸੇ ਨਾਲ ਹੀ ਕਦੇ ਵੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਮੈਂ ਬਹੁਤ ਵਾਰੀ ਬਿਨਾਂ ਛੱਤ ਤੋਂ ਅਤੇ ਰਾਤ ਨੂੰ ਭੁੱਖੇ ਸੌਣ ਵਾਲਿਆਂ ਨੂੰ ਵੀ ਬਹੁਤ ਖ਼ੁਸ਼ ਦੇਖਿਆ ਹੈ ਅਤੇ ਬਹੁਤ ਸਾਰੇ ਧਨਾਢ ਲੋਕਾਂ ਨੂੰ ਹਰ ਵੇਲੇ ਦੁੱਖੀ ਅਤੇ ਰੋਂਦਿਆਂ ਵੇਖਿਆ ਹੈ। ਆਓ ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾ ਕੇ ਜੀਵਨ ਬਤੀਤ ਕਰੀਏ ਤਾਂ ਕਿ ਹਰ ਦਿਨ ਹੀ ਸਾਡਾ ਖ਼ੁਸ਼ੀ ਦਿਵਸ ਹੋਵੇ ਅਤੇ ਸਾਨੂੰ ਖ਼ੁਸ਼ ਹੋਣ ਲਈ ਸਿਰਫ਼ ਇੱਕ ਦਿਨ ਖ਼ੁਸ਼ੀ ਦਿਵਸ ਦਾ ਇੰਤਜ਼ਾਰ ਨਾ ਕਰਨਾ ਪਵੇ।




Victoria Store
NOW OPEN!!!
Grand Opening April 10
306 Burnside Road
SABZI MANDI SUPERMARKET
Serving our Community since 2003
Haden Mango
Season Is Here!
In Store Now!!!
HOT PRICE JUMBO CAULIFLOWER ਵੱਡਾ ਗੋਭੀ ਦਾ ਫੁੱਲ 2.99 ea
HOT PRICE FRESH SPINACH ਪਾਲਕ Bunch 1.49 ea
HOT PRICE FRESH CILANTRO ਧਨੀਆਂ Bunch 2 for 99¢
HOT PRICE INDIAN STYLE RED CARROTS ਦੇਸੀ ਸਟਾਈਲ ਲਾਲ ਗਾਜਰਾਂ 99¢ /lb
CHING'S NOODLES ਚਿੰਗਜ਼ ਨੂਡਲਜ਼ Asst., 240g 1.49 ea
UNBEATABLE DEALS
TATA AGNI TEA ਟਾਟਾ ਚਾਹ 1kg 8.99 ea
PEELED GARLIC ਲਸਣ 5lb Jar 8.99 ea
IZU'S AMRITSARI PANEER ਇਜ਼ੂਜ਼ ਅਮਰਿਤਸਰੀ ਪਨੀਰ 250g 4.99 ea
LONG EGGPLANT ਲੰਮੇ ਵਤਾਊਂ 1.69 /lb
SHAN VERMICELLI ਸ਼ਾਨ ਸੇਵੀਆਂ 150g 2 for 99¢
HANS GUR ATTA BISCUITS PIPA ਹਾਂਸ ਗੁਰ ਆਟਾ ਬਿਸਕੁਟ ਪੀਪਾ 1.8kg 13.99 ea
SABZI MANDI BASMATI RICE ਸੱਬਜ਼ੀ ਮੰਡੀ ਬਾਸਮਤੀ ਚਾਵਲ 10lb 11.99 ea
MDH SPICES ਐਮ. ਡੀ. ਐਚ. ਮਸਾਲੇ 100g, Select Varieties 1.99 ea
MURCOTT MANDARIN ORANGES ਮਰਕੌਟ ਮੈਨਡਰਿਨ ਸੰਗਤਰੇ 1.49 /lb
TILDA BASMATI RICE ਟਿਲਡਾ ਬਾਸਮਤੀ ਚਾਵਲ 4kg 14.99 ea
NPS #1 ALMONDS ਬਦਾਮ 5.99 /lb
CHENNAI CATERS DOSA BATTER ਚੈਨਾਈ ਕੇਟਰਜ਼ ਡੋਸਾ ਬੈਟਰ 900ml 4.99 ea
HULLY GULLY PUFFS ਹੱਲੀ ਗੱਲੀ ਪੱਫਜ਼ Asst., 120g 2 for $3
AMBROSIA APPLES ਐਮਬਰੋਜ਼ਾ ਸੇਬ 1.29 /lb
PUNJABI BY NATURE GUR RUSK ਪੰਜਾਬੀ ਬਾਈ ਨੇਚਰ ਗੁੜ ਰੱਸਕ 600g 3.99 ea
RUSSET POTATOES ਆਲੂ 10lb 3.99 ea
FRESH ZUCCHINI ਤੋਰੀ 88¢ /lb
LARGE GUAVA ਵੱਡੇ ਅਮਰੂਦ 3.69 /lb
FRESH GINGER/GARLIC ਅੱਦਰਕ/ਲਸਣ Bunch 1.29 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. April 03, 2026 - Wed. April 08, 2026
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com